ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

ਸਬਦ ਸੁਰਤਿ ਕਰਿ ਕੀਰਤਨੁ ਸਤਿਸੰਗਿ ਵਿਲੋਈ ॥
ਵਾਹਿਗੁਰੂ ਗੁਰ ਮੰਤ੍ਰ ਹੈ, ਜਪਿ ਹਉਮੈ ਖੋਈ ॥

## ਵਾਹਿਗੁਰੂ

JUL 1 9 8

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰ: ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਸਾਧ ਸੰਗਤ | ਪ੍ਰੋਫੈਸਰ ਪੂਰਨ ਸਿੰਘ ਜੀ | ੩ |
| ਖਾਲਸਾ ਜੀ ਦਾ ਰਾਜਸੀ ਉੱਚ ਆਦਰਸ਼ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੪ |
| ਸਭੈ ਅੰਤ ਕਾਲੰ ਬਲੀ ਕਾਲ ਘਾਯੰ | ਬਚਿਤ੍ਰ ਨਾਟਕ | ੮ |
| ਸ਼ਹੀਦੀ ਸਾਕੇ ਸਮੇਂ ਖਾਲਸਈ ਜਾਹੋ ਜਲਾਲ | ਸ: ਨਰੈਣ ਸਿੰਘ ਜੀ ਐਮ. ਏ. | ੯ |
| ਕਿਲ੍ਹਾ ਲੋਹਗੜ੍ਹ ਵਿਖੇ, ਸਿਖ ਇਤਿਹਾਸ ਦੀ ਪਹਿਲੀ ਲੜਾਈ | ਪ੍ਰਿੰ: ਸਤਬੀਰ ਸਿੰਘ ਜੀ | ੧੩ |
| ਕੈਨੇਡਾ ਵਿਖੇ ਸਿਖੀ ਜ਼ਜ਼ਬਾ-ਬੈਕੁੰਠ ਧਾਮ ਦਾ ਨਜ਼ਾਰਾ | ਪ੍ਰੋ: ਕਰਤਾਰ ਸਿੰਘ ਜੀ ਤਾਰ | ੧੭ |
| ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ ਭਾਈ ਸਾਹਿਬ | ਸਵੈ-ਲੇਖਣੀ ਵਿਚੋਂ | ੨੦ |
| ਚੰਡੀਗੜ੍ਹ ਵਿਖੇ ਗੁਰਦੁਆਰਾ ਸਾਹਿਬ ਦੀ ਬੇਹੁਰਮਤੀ | ਅਜੀਤ, ਜਲੰਧਰ | ੨੩ |
| ਸੱਚ ਦੀ ਜਿੱਤ | ਸ: ਹਰੀ ਸਿੰਘ ਜੀ | ੨੪ |
| ਸੁਖਾਂ ਵਿਚ ਸਿੱਖੀ ਮੁਰਝਾ ਜਾਵੇ (ਕਵਿਤਾ) | ਸ: ਜੈਮਲ ਸਿੰਘ ਜੀ ਹਮਦਰਦ | ੨੫ |
| ਕਿਰਪਾਨ-ਭੇਟ | ਭਾਈ ਸਾਹਿਬ ਰਾਮ ਸਿੰਘ ਜੀ | ੨੬ |
| ਇਕ ਅਰਦਾਸਿ ਭਾਟ ਕੀਰਤਿ ਕੀ | ਭਾਈ ਹਰੀ ਸਿੰਘ ਜੀ ਸ਼ੇਰਗਿਲ | ੨੯ |
| ਪੰਥਕ ਖ਼ਬਰਾਂ | ਅਖ਼ਬਾਰਾਂ ਦੀ ਜ਼ਬਾਨੀ | ੩੫ |
| ਮੈਦਾਨਿ ਜੰਗ ਦੇ ਨਜ਼ਾਰੇ ਤੇ ਭਾਈ ਕਨੱਈਆ ਜੀ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੪੧ |


## ਗੁਰਬਾਣੀ ਅਤੇ ਖਾਲਸਾ ਰਹਿਤ ਬਹਿਤ ਪਰਚਾਰਨ ਹਿਤ ਵਜ਼ੀਫ਼ੇ

ਅਖੰਡ ਕੀਰਤਨੀ ਜਥੇ ਵਲੋਂ ਤੱਤ ਗੁਰਮਤਿ ਦੇ ਪਰਚਾਰ ਲਈ ਸਕੂਲਾਂ ਕਾਲਜਾਂ ਤੇ ਬੱਚਿਆਂ ਬੱਚੀਆਂ ਲਈ "ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ" ਸਕੀਮ ਚਾਲੂ ਹੈ । ਇਸ ਸਕੀਮ ਅਧੀਨ ਅਠਵੀਂ ਤਕ ਦੇ ਬੱਚਿਆਂ ਤੋਂ ਲੈ ਕੇ ਐਮ. ਏ. ਤਕ ਦੇ ਸਿਖ ਵਿਦਿਆਰਥੀਆਂ ਲਈ ਗੁਰਬਾਣੀ ਅਤੇ ਖਾਲਸਾ ਰਹਿਤ ਬਹਿਤ ਦ੍ਰਿੜ੍ਹ ਕਰਾਉਣ ਲਈ ਹਰ ਸਾਲ ਬਾਰ੍ਹਾਂ ਸਕਾਲਰਸ਼ਿਪ (ਵਜ਼ੀਫ਼ੇ) ੫੦/-, ੮੦/- ਅਤੇ ੧੦੦/- ਮਹੀਨੇ ਦੇ ਹਿਸਾਬ ਦੇਣੇ ਨੀਯਤ ਹਨ । ਪਿਛਲੇ ਸਾਲ ਵਾਂਗ ਐਤਕੀ ਵੀ ਅਜਿਹੇ ਬੱਚਿਆਂ ਦੀ ਪ੍ਰੀਖਿਆ ਦਿਲੀ ਸਮਾਗਮ ਸਮੇਂ (ਦੁਸਹਿਰੇ ਦੇ ਦਿਨਾਂ ਵਿਚ) ਲਈ ਜਾਵੇਗੀ ।

ਸਕੂਲਾਂ ਅਤੇ ਕਾਲਜਾਂ ਦੇ ਗੁਰਸਿਖ ਬੱਚੇ ਬੱਚੀਆਂ ਇਸ ਸਕੀਮ ਦੇ ਫ਼ਾਰਮ ਅਤੇ ਨਿਯਮ ਇਕ ਰੁਪਏ ਦਾ ਮਨੀਆਰਡਰ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾਉਣ । ਅਤੇ ਇਹ ਫ਼ਾਰਮ ੩੧ ਜੁਲਾਈ ੧੯੮੩ ਤਕ ਇਸੇ ਪਤੇ ਤੇ ਪੁਜ ਜਾਣੇ ਚਾਹੀਦੇ ਹਨ :—

ਮਾਸਟਰ ਹਰਬੰਸ ਸਿੰਘ ਜੀ, ਕੋ-ਆਪਟਿਡ ਮੈਂਬਰ,
ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ ਬੋਰਡ (ਅਖੰਡ ਕੀਰਤਨੀ ਜਥਾ)
C/O ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿਲੀ—੬


ਲਾਕਟ ਪ੍ਰਿੰਟਰਜ਼, ਬਾਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੭-੮੩ ਨੂੰ ਪ੍ਰਕਾਸ਼ਤ ਕੀਤਾ ।

**ਟੈਲੀਫ਼ੋਨ ਨੰਬਰ** : 51847 **ਘਰ** 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**
ਦੇਸ ੧੫-੦੦
ਇਕ ਪਰਚਾ ੧-੨੫
ਪਰਦੇਸ
ਸਮੁੰਦਰੀ ਡਾਕ ੩੦-੦੦
ਹਵਾਈ ਡਾਕ
ਅਰਬ, ਮਲਾਇਆ ੪੫-੦੦
ਯੂ. ਕੇ., ਅਫਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦
**ਅਮਾਨਤੀ**
**ਲਾਈਫ ਮੈਂਬਰ**
ਦੇਸ ੧੫੦-੦੦
ਪਰਦੇਸ ੩੦੦-੦੦
ਹਵਾਈ ਡਾਕ
ਯੂ. ਕੇ., ਅਫਰੀਕਾ ੬੫੦-੦੦
ਕੈਨੇਡਾ, ਅਮਰੀਕਾ ੭੫੦-੦੦
ਅਰਬ ਮਲਾਇਆ ੫੦੦-੦੦

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੭ ਜੁਲਾਈ ੧੯੮੩ ਅੰਕ ੭

## ਸਾਧ ਸੰਗਤ

ਸਿਖ ਕੀਰਤਨ ਕਰਦੇ ਅੰਮ੍ਰਿਤਸਰ ਪੁਜਦੇ ਹਨ ਤਾਂ ਅਗੇ ਗੁਰੂ ਅਰਜਨ ਦੇਵ ਜੀ ਬੈਠੇ ਹਨ। ਉਹ ਉਨ੍ਹਾਂ ਨੂੰ ਪਛਾਣ ਲੈਂਦੇ ਹਨ ਕਿ ਇਹ ਤਾਂ ਉਹ ਪਿਆਰ ਦੇ ਪੁੰਜ ਹਨ, ਜਿਨ੍ਹਾਂ ਨੇ ਰਾਹੇ ਉਨ੍ਹਾਂ ਨੂੰ ਲੰਗਰ ਛਕਾਇਆ ਸੀ। ਜਾਤਾਂ, ਵਿਤਕਰਿਆਂ, ਦਵੈਤ ਅਤੇ ਮਹਾਨ ਤਿਆਗ ਦੇ ਢੋਂਗ ਦੇ ਰੋਗ-ਗ੍ਰਸਤ ਦੇਸ਼ ਵਿਚ ਹਮਦਰਦੀ ਦੀ ਇਹ ਮਹਾਨ ਭਾਵਨਾ, ਜੋ ਗੁਰੂ ਜੀ ਨੇ ਇਸ ਤਰ੍ਹਾਂ ਆਏ ਸਿਖਾਂ ਦੇ ਮਨਾਂ ਵਿਚ ਭਰ ਦਿਤੀ, ਲਾਸਾਨੀ ਹੈ।

ਮਨੁਖ ਨੂੰ ਸਾਧ ਸੰਗਤ ਬਣਾ ਦਿਤਾ। ਸਭ ਨੇ ਹਰੇਕ ਦੇ ਹਿਰਦੇ ਵਿਚ ਗੁਰੂ ਨੂੰ ਬਿਰਾਜਮਾਨ ਵੇਖਿਆ। ਮਨੁਖ ਅਲੋਪ ਹੋ ਗਏ, ਪਰ ਗੁਰੂ ਦੀ ਦਿਬ-ਮੂਰਤੀ ਦੀ ਚਮਕ ਸਿਖਾਂ ਦੇ ਨੈਣਾਂ ਵਿਚ ਵੱਸ ਗਈ। ਇਸ ਤਰ੍ਹਾਂ ਗੁਰੂ ਨਾਲ ਜੁੜੇ ਸਿਖ ਵੀਰਾਂ ਤੇ ਭੈਣਾਂ ਦੀ ਮਿਲਣੀ, ਗੁਰੂ ਜੀ ਦੇ ਧਰਤੀ ਤੇ ਸਾਜੇ ਦੇਵਤਿਆਂ ਦਾ ਜੋੜ-ਮੇਲਾ ਸੀ। ਗੁਰੂ ਅਤੇ ਸਿਖ ਇਕ-ਰੂਪ ਹੋ ਗਏ ਅਤੇ ਅਨੰਤ ਕੁਦਰਤ ਤੇ ਮਾਨਵਤਾ ਵਿਚ ਵਿਅਕਤੀ ਦਾ ਮਿਲ ਜਾਣਾ, ਸਭ ਦਾ ਇਕ ਰੂਪ ਅਤੇ ਇਕੋ ਦਾ ਹਰੇਕ ਰੂਪ ਵਿਚ ਵਿਚਰਨਾ, ਗੁਰੂ ਦੀ ਸਾਧ ਸੰਗਤ ਦੀ ਨਿਸ਼ਾਨੀ ਹੈ।

ਸਾਡੇ ਲਈ ਇਹ ਕਿੰਨੀ ਮਾੜੀ ਗੱਲ ਹੈ ਕਿ ਅਸੀਂ ਅਣ-ਰੰਗੇ ਮਨੁਖਾਂ ਦੇ ਇਕੱਠ ਨੂੰ ਵੀ ਸਾਧ ਸੰਗਤ ਕਹਿੰਦੇ ਹਾਂ।

ਪ੍ਰੋ: ਪੂਰਨ ਸਿੰਘ ਜੀ, 'ਜਿਨ ਕੇ ਚੋਲੜੇ ਰਤੜੇ' ਪੁਸਤਕ ਵਿਚੋਂ ਧੰਨਵਾਦ ਸਹਿਤ



www.AKJ.Org

# ਖ਼ਾਲਸਾ ਜੀ ਦਾ ਰਾਜਸੀ ਉੱਚ ਆਦਰਸ਼*

"ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥" (੫੩੪)

[ਵਲੋਂ—ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਨਿਰੰਕਾਰੀ ਪ੍ਰੀਤਿ ਅਗੰਮੀ ਦੇ ਉਚ ਪਰਮਾਰਥੀਆਂ ਅਤੇ ਨਿਰਾਕਾਰ ਚਰਨ ਕਮਲਾਰ ਦੇ ਦਰਸ਼ਨ ਭੰਵਰਾਰਥੀਆਂ ਨੂੰ ਸਚਮੁਚ ਰਾਜ ਸਾਜੀ ਮੁਕਤਿ ਪਾਜੀ ਚਾਹਨਾ ਹੀ ਨਹੀਂ ਉਪਜਦੀ। ਔਜ ਮਸਤੌਜੀ ਮਉਜ ਵਿਚ ਉਹਨਾਂ ਨੂੰ ਇਸ ਬਪੜੀ ਚਾਹਨਾ ਦਾ ਫੁਰਨਾ ਹੀ ਨਹੀਂ ਫੁਰਦਾ। ਉਨ੍ਹਾਂ ਦੇ ਸਾਹਮਣੇ ਸਗਲ ਸ੍ਰਿਸ਼ਟੀ ਦਾ ਰਾਜ ਅਤੇ ਸ੍ਵਰਗ ਥਾਂਛਾਰੀ ਮੁਕਤਿ ਮੁਕਤਾਜ ਸਭ ਹੇਚ ਹੈ। ਇਹ ਦੁਨਿਆਵੀ ਸਿਕਦਾਰੀਆਂ ਗਿਰੰਬਾਰੀਆਂ ਅਤੇ ਫੋਕੀ ਲੀਡਰੀ ਦੀਆਂ ਨਾਮਵਰੀਆਂ ਸਭ ਤੁਛ ਹਨ। ਰਾਜ ਭਾਗ ਦਾ ਤ੍ਰਿਸ਼ਨਾਲੂ ਹੋਣਾ ਗੁਰਮਤਿ ਧਰਮ ਦੇ ਪਰਮਾਰਥ ਤੋਂ ਪ੍ਰਤਿਕੂਲ ਹੈ। ਪਰ ਇਹ ਗੱਲ ਆਖਣੀ ਕਿ ਰਾਜ ਯਾ ਰਾਜਸੀ ਪਾਲਿਟੈਕਸ ਦਾ ਗੁਰਮਤਿ ਧਰਮ ਦੇ ਪਰਮਾਰਥੀਆਂ ਨਾਲ ਕੋਈ ਵਾਸਤਾ ਨਹੀਂ, ਇਹ ਗੁਰਮਤਿ ਧਰਮ ਤੋਂ ਘੁਥੇ ਹੋਏ, ਅਉਝੜ ਪਏ ਹੋਏ ਪਾਲੀਟੀਸ਼ਨਾਂ ਦੀ ਫ਼ੈਲਿਸੀ (fallacy) ਭਰੀ ਲਾਜਿਕ (logic) ਹੈ। ਜੇ ਤਾਂ ਪਾਲਿਟੈਕਸ ਦਾ ਅਰਥ ਨਿਰੀ ਪਾਲਿਸੀ ਅਤੇ ਡਿਪਲੋਮੇਸੀ ਹੈ, ਤਦ ਤਾਂ ਸਚਮੁਚ ਐਸੀ ਪਾਲਿਟੈਕਸ ਨਾਲ ਗੁਰਮਤਿ ਧਰਮ ਪਰਮਾਰਥ ਦਾ ਕੋਈ ਸਬੰਧ ਨਹੀਂ।

ਪਰੰਤੂ ਤਤ ਰਾਜ ਵਿਥਾਰਨ-ਮਈ ਸਚੀ ਪਾਲਿਟੈਕਸ ਕੇਵਲ ਧਰਮ ਪਦਾਰਥ ਦੇ ਧੁਰਵੇ ਤੋਂ ਹੀ ਉਪਜਦੀ ਹੈ। ਸੰਸਾਰ ਭਰ ਦੇ ਰਾਜਾਂ ਵਿਚੋਂ ਕਾਮਯਾਬ ਰਾਜ ਕੇਵਲ ਧਰਮ ਦਾ ਰਾਜ ਹੀ ਹੈ। ਪਰੰਤੂ ਸਾਫ਼ ਵੇਖਣ ਵਿਚ ਆਉਂਦਾ ਹੈ ਕਿ ਕਿਸੇ ਭੀ ਪਰਮਾਰਥੋਂ ਸੱਖਣੇ ਰਾਜ ਵਿਚ ਧਰਮ ਉੱਕਾ ਹੀ ਨਹੀਂ ਰਿਹਾ। ਗੁਰਮਤਿ ਧਰਮ ਅੰਦਰ ਰਾਜਗੀਰੀ ਦੀ ਹਵਸ ਦਾ ਨਾਮ-ਨਿਸ਼ਾਨ ਨਹੀਂ। ਹਾਂ ਰਾਜ-ਗਰਦੀ ਨੂੰ ਪ੍ਰਬੋਧਣਾ ਅਤੇ ਅਧਰਮੀਆਂ ਉਪਦ੍ਰਵੀਆਂ ਨੂੰ ਸੋਧਣਾ ਅਤੇ ਇਮ ਸੋਧ ਪ੍ਰਬੋਧ ਕੇ ਹਲੇਮੀ ਰਾਜ ਵਿਥਾਰਣਾ, ਪੂਰਨ ਪਰਮਾਰਥੀ ਗੁਰਮਤਿ ਹੈ। ਪਰਮਾਰਥੀ ਆਤਮ ਔਜ ਦੇ ਧਰਮ ਅਰੂੜਤ ਸੱਚੇ ਨਿਸ਼ਕਾਮ ਪਰਉਪਕਾਰੀ ਜਨਾਂ ਅੰਦਰ ਹੀ ਸੱਚੀ ਸਪਿਰਟ ਹੈ ਕਿ ਅਧਰਮ ਅਨਿਆਉਂ ਦੀ ਜੜ੍ਹ ਉਖਾੜ ਕੇ, ਜਾਨਾਂ ਹੂਲ ਹੂਲ ਕੇ ਸੱਚੀ ਅਮਨ ਸ਼ਾਂਤੀ ਦੇਸ਼ ਅੰਦਰ ਵਰਤਾਈ ਜਾਵੇ। ਦੇਸ਼-ਦਰਦੀਆਂ ਦੀ ਜਮਾਤ ਓਹੀ ਹੋ ਸਕਦੀ ਹੈ, ਜਿਸ ਦੇ ਹਰੇਕ ਫ਼ਰਦੇ-ਬਸ਼ਰ ਅੰਦਰ ਸੱਚੀ ਪਰਸੁਆਰਥੀ ਅਤੇ ਸੱਚੀ ਪਰਉਪਕਾਰੀ ਸਪਿਰਟ ਵਾਲਾ ਦਰਦ ਹੋਵੇ। ਅਤੇ ਇਹ ਸਪਿਰਟ ਉਪਜਦੀ ਹੈ ਤਾਂ ਕੇਵਲ ਆਤਮ-ਔਜੀ ਸੱਚੇ ਸੁੱਚੇ ਪਰਮਾਰਥੀ ਜੀਵਨ ਵਾਲੀ ਵਿਅਕਤੀਆਂ ਵਿਚ ਉਪਜਦੀ ਹੈ। ਪਰਮਾਰਥੀ ਪਰਉਪਕਾਰ ਪਿੜ ਵਿਚ ਕੇਵਲ ਨਿਸ਼ਕਾਮ ਆਤਮ ਔਜ ਵਾਲੇ, ਪਰਮਾਤਮਾ ਨਾਲ ਜੁੜੇ ਹੋਏ ਜੀਉੜੇ ਹੀ ਜੂਝਦੇ ਹਨ ਅਤੇ ਇਹੀ ਸੱਚੇ ਸੂਰਮੇ ਹਨ। ਸਚੀ ਸੂਰਮਗਤੀ ਆਤਮ ਪਰਮਾਤਮੀ ਰੰਗਾਂ ਵਾਲੇ ਗੁਰਮੁਖ ਜਨਾਂ ਨੂੰ ਹੀ ਸ਼ੋਭਦੀ ਹੈ। ਜੈਸਾ ਕਿ ਗੁਰਵਾਕ ਹੈ :—

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥ (੬੮੦)

ਤਾਂ ਤੇ ਸੱਚੀ ਸੂਰਮਤਾ ਅਤੇ ਨਿਰਭੈਤਾ ਵਾਲੇ ਧਰਮ-ਜੁਝਾਰੀ ਅਤੇ ਪਰਉਪਕਾਰੀ ਜਨ ਵਾਸਤਵ ਵਿਚ ਓਹੀ ਹੋ ਸਕਦੇ ਹਨ, ਜਿਨ੍ਹਾਂ ਦਾ ਰੋਮ ਰੋਮ ਆਤਮ ਰੰਗਾਂ ਵਿਚ ਰੰਗੀਜਿਆ ਹੋਇਆ ਹੋਵੇ। ਆਪਣੇ ਨਫ਼ਸ ਉਤੇ ਹਾਵੀ ਹੋ ਕੇ ਮਨ ਨੂੰ ਜਿਤਣ ਵਾਲੇ ਹੀ ਜਗ ਨੂੰ ਜਿਤ ਸਕਦੇ ਹਨ, ਸਾਰੇ ਜਗ ਨੂੰ ਜਿਤ ਲੈਂਦੇ ਹਨ।

---

* ਅਕਤੂਬਰ ੧੯੪੮ ਵਿਚ ਗੁ: ਟਾਹਲੀ ਸਾਹਿਬ ਰਤਨ ਵਿਖੇ, ਪੰਥਕ ਦਰਬਾਰ ਕਾਨਫ਼ਰੰਸ ਸਮੇਂ ਭਾਈ ਸਾਹਿਬ ਦੇ ਪ੍ਰਧਾਨਗੀ ਐਡਰੈਸ ਵਿਚੋਂ ਕੁਝ ਹਿੱਸਾ ਇਥੇ ਦਿਤਾ ਜਾ ਰਿਹਾ ਹੈ।



www.AKJ.Org

ਇਹ ਆਤਮ-ਜਿਣੀ-ਜੋਧੇ ਉਹੀ ਹੋ ਸਕਦੇ ਹਨ ਜੋ ਸਤਿਗੁਰ ਪੂਰੇ ਗੁਰੂ ਨਾਨਕ ਦਸਮੇਸ਼ ਦੇ ਸੱਚੇ ਸਿਖ ਅਤੇ ਸਿੰਘ ਸੂਰਮੇ ਹੋਣ। ਇਸ ਸੱਚੀ ਸੂਰਬੀਰਤਾ ਤੋਂ ਊਣੀ ਅਤੇ ਊਰੀ ਦੇਸ਼-ਭਗਤੀ ਰਾਜ-ਸਾਜ਼ੀ ਤਬਕੇ ਵਿਚ ਕਿਸੇ ਭੀ ਲੇਖੇ ਨਹੀਂ। ਧਰਮ-ਬੀਰਤਾ ਤੋਂ ਖ਼ਾਲੀ ਦੇਸ਼-ਭਗਤੀਆਂ ਐਵੇਂ ਕਹਿਣ ਕਹਾਉਣ ਨੂੰ ਹੀ ਦੇਸ਼-ਭਗਤੀਆਂ ਹਨ, ਤਤ ਦੇਸ਼-ਭਗਤੀ ਦਾ ਏਥੇ ਨਮੂਦ ਹੀ ਨਹੀਂ। ਧਰਮ-ਸ਼ੂਨ ਪਰਮਾਰਥ ਬਿਹੂਣ ਦੇਸ਼-ਭਗਤੀ ਸੁਸ਼ਕ ਅਤੇ ਫੋਕੀ ਦੇਸ਼-ਭਗਤੀ ਹੈ। ਭਗਤੀ ਦਾ ਪਦ ਏਥੇ ਫਬਦਾ ਹੀ ਨਹੀਂ, ਭਾਵੇਂ ਲਖ ਕੜੀਆਂ ਕਾਂਗਰਸਾਂ ਇਕੱਠੀਆਂ ਹੋ ਕੇ ਦਾਅਵਾ ਬੰਨ੍ਹਦੀਆਂ ਫਿਰਨ। ਸੱਚੀ ਦੇਸ਼-ਭਗਤੀ ਪਰਮਾਰਥ ਦੇ ਸੱਚੇ ਆਤਮ-ਜਜ਼ਬੇ ਚੋਂ ਹੈ ਅਤੇ ਇਹ ਸੱਚੀ ਸਪਿਰਟ-ਆਤਮ ਵਾਲਾ ਜਜ਼ਬਾ ਜਿਸ ਕੌਮ, ਜਿਸ ਪੰਥ ਵਿਚ ਹੈ, ਓਹੀ ਸੱਚੀ ਦੇਸ਼-ਭਗਤ-ਕੌਮ ਹੈ, ਓਹੋ ਤਤ-ਪਰਮਾਰਥੀ ਸੱਚਾ ਪਰਉਪਕਾਰੀ ਪੰਥ ਹੈ। ਖਾਲਸਾ ਪੰਥ ਅਜਿਹੇ ਆਤਮ ਐਜੀ ਤਤ ਪਰਮਾਰਥੀਆਂ ਦਾ ਸਮੂਹ ਹੈ।

ਅਸਾਡੇ ਸਿਖ-ਲੇਬਲੀ ਲੀਡਰਾਂ ਨੂੰ ਇਹ ਕਹਿੰਦੇ ਹੋਏ ਲੱਜਾ ਨਹੀਂ ਆਉਂਦੀ ਕਿ ਪਹਿਲਾਂ ਦੇਸ਼ ਤੇ ਪਿਛੋਂ ਪੰਥ, ਅਵਲ ਕਾਂਗਰਸ ਤੇ ਦੋਇਮ ਪੰਥ ਹੈ। ਅਸਾਡੇ ਕਈ ਇਕ ਬਾਹਲੇ ਹੀ ਕਾਂਗਰਸੀ ਬਣੇ ਸਿਰਲੱਥ ਐਮ. ਐਲ. ਏ. ਤੇ ਮਨਿਸਟਰਾਂ ਨੇ ਆਪਣੇ ਭਾਸ਼ਣਾਂ ਵਿਚ ਇਉਂ ਉਚਰਿਆ ਹੈ ਕਿ "ਜਿਸ ਦੇ ਦਿਲ ਅੰਦਰ ਦੇਸ਼ ਦਾ ਪਿਆਰ ਨਹੀਂ, ਓਹ ਦੇਸ਼ ਅਤੇ ਪੰਥ ਦੀ ਸੇਵਾ ਨਹੀਂ ਕਰ ਸਕਦਾ, ਨਾ ਹੀ ਉਹ ਦੇਸ਼ ਅਤੇ ਪੰਥ ਨੂੰ ਬਚੱਾ ਸਕਦਾ ਹੈ। ਜੇ ਹਿੰਦੁਸਤਾਨ ਨਾ ਰਿਹਾ ਤਾਂ ਪੰਥ ਕਿਵੇਂ ਬਚੇਗਾ। ਅਸਾਂ ਹਿੰਦੁਸਤਾਨ ਵਿਚ ਰਾਜ ਕਰਨਾ ਹੈ ਹਿੰਦੁਸਤਾਨੀ ਬਣ ਕੇ, ਜਿਹੜੇ ਲੋਕ ਹਿੰਦੂ-ਸਿਖ ਰਾਜ ਦੇ ਸੁਪਨੇ ਵੇਖ ਰਹੇ ਹਨ ਓਹ ਰਾਜ ਕਰ ਹੀ ਨਹੀਂ ਸਕਦੇ।" ਕੈਸਾ ਹੋਛੀ-ਹਮਾਕਤ-ਭਰਿਆ ਕੋਝਾ ਖ਼ਿਆਲ ਹੈ। ਓਹਨਾਂ ਤੋਂ ਕੋਈ ਪੁਛੇ ਕਿ ਦੇਸ਼ ਦਾ ਪਿਆਰ ਪਰਮਾਰਥਕ ਜ਼ਿੰਦਗੀ ਬਿਹੂਣ, ਧਾਰਮਿਕ ਜੀਵਨ ਬਿਨਾਂ ਕਿਵੇਂ ਕਿਸੇ ਦੇ ਅੰਦਰ ਉਪਜ ਸਕਦਾ ਹੈ। ਜਿਸ ਦਾ ਦਿਲ ਪਰਮਾਰਥੀ ਪਿਆਰ ਤੋਂ ਖ਼ਾਲੀ ਹੈ ਅਤੇ ਧਾਰਮਿਕ ਸਪਿਰਟ ਤੋਂ ਸ਼ੂਨ ਹੈ ਓਸ ਦੇ ਅੰਦਰ ਦੇਸ਼-ਦਾ ਪਿਆਰ ਕਿਵੇਂ ਪਰਵੇਸ਼ ਕਰ ਸਕਦਾ ਹੈ।

ਧਰਮ ਉਪਕਾਰੀ ਪਰਮਾਰਥੀ ਦਰਦ ਨਾਲ ਭਰਪੂਰ ਲੀਣੇ ਪੰਥਕ ਪਿਆਰ ਵਾਲੇ ਹਿਰਦੇ ਹੀ ਦੇਸ਼ ਨਾਲ ਪਿਆਰ ਕਰ ਸਕਦੇ ਹਨ। ਇਕ ਦੇਸ਼ ਨਾਲ ਕੀ, ਪਿਆਰੇ ਵਾਹਿਗੁਰੂ ਰਚਨਹਾਰ ਸਿਰਜਨਹਾਰ ਦੀ ਸਾਰੀ ਚਰਾਚਰ ਰਚਨਾ ਨਾਲ ਪਿਆਰ ਕਰਦੇ ਹਨ। ਫੋਕਟ ਨਿਜ-ਦੇਸੀ ਪਿਆਰ ਵਾਲਿਆਂ ਨੂੰ ਪਰਾਏ ਦੇਸਾਂ ਨਾਲ ਪਿਆਰ ਕਰਨਾ ਹੀ ਨਹੀਂ ਆਉਂਦਾ। ਓਹ ਸਗੋਂ ਦੇਸ਼ ਬਦੇਸ਼ ਦੀ ਵਿਤਕਰੇ ਵਾਲੀ ਬੀਮਾਰੀ ਵਿਚ ਸੜੇ ਬੁਝੇ, ਰਿੱਝਦੇ ਕਰੁਝਦੇ ਰਹਿੰਦੇ ਹਨ! ਦੂਜੇ ਦੇਸ਼ਾਂ ਨਾਲ ਦ੍ਰੈਸ਼ ਅਤੇ ਆਪਣੇ ਦੇਸ਼ ਨਾਲ ਪਿਆਰ, ਇਹ ਕਿਧਰਲਾ ਪਿਆਰ ਹੈ! ਪਿਆਰ ਪਦ ਨੂੰ ਹਾਸੋਹੀਣ ਕਰਨ ਵਾਲਾ ਖ਼ਿਆਲ ਹੈ। ਪਰਮਾਰਥੀ ਪਿਆਰ ਵਾਲਿਆਂ ਨੂੰ ਦੇਸ਼ ਬਦੇਸ਼ ਦੇ ਵਿਤਕਰੇ ਵਾਲੇ ਝਗੜੇ ਵਿਚ ਪੈਣ ਦੀ ਲੋੜ ਹੀ ਨਹੀਂ। ਓਹਨਾਂ ਨੇ ਤਾਂ ਸਾਰੀ ਕਾਇਨਾਤ ਨਾਲ ਪਿਆਰ ਕਰਨਾ ਹੈ। **ਦੁਸ਼ਟ ਦੋਖੀ ਜ਼ਾਲਮ ਉਪਦ੍ਰਵੀ ਭਾਵੇਂ ਕਿਸੇ ਦੇਸ਼ ਦੇ ਹੋਣ, ਭਾਵੇਂ ਆਪਣੇ ਦੇਸ਼ ਦੇ, ਭਾਵੇਂ ਦੂਸਰੇ ਦੇਸ਼ ਦੇ, ਓਹਨਾਂ ਸਾਰਿਆਂ ਨੂੰ ਸੋਧਣਾ ਹੈ ਅਤੇ ਸੋਧ ਸਾਧ ਕੇ ਸਾਰੀ ਸ੍ਰਿਸ਼ਟੀ ਤੇ ਧਰਮ, ਅਮਨ ਦਾ ਰਾਜ ਵਿਥਾਰਨਾ ਹੈ।** ਤਾਂ ਤੇ ਸੱਚੇ ਪਰਮਾਰਥੀ ਪੰਥਕ ਪਿਆਰ ਵਾਲੇ ਹੀ, ਦੇਸ਼ ਅਤੇ ਸੱਚੇ ਦੇਸ਼-ਵਾਸੀਆਂ ਨਾਲ ਪਿਆਰ ਕਰ ਸਕਦੇ ਹਨ। ਜੁਲਮੀ ਬੰਦੇ, ਮਲੇਛ, ਗੰਦੇ, ਸਾਡੇ ਪਰਮਾਰਥੀ ਦੇਸ਼ ਦੇ ਬਾਸ਼ਿੰਦੇ ਹੀ ਨਹੀਂ। ਅਜਿਹੇ ਹੱਦ-ਬੰਦੀ ਵਾਲੇ ਦੇਸ਼-ਪਿਆਰ ਤੋਂ ਰਹਿਤ ਪਰਮਾਰਥੀ ਲੋਕ ਹੀ ਹਨ ਅਤੇ ਦੇਸ਼, ਨਿਜ ਦੇਸ਼ ਦੀ ਮਮਤਾ ਤੋਂ ਅ-ਮਮਤ ਹੋ ਕੇ ਦੇਸ ਪਰਦੇਸ ਦੇ ਵਿਤਕਰੇ ਤੋਂ ਬਿਰੱਕਤ ਰਹਿੰਦੇ ਹਨ :—

"ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥" (੭੬੭)



www.AKJ.Org

ਦੇਸ਼ ਬਦੇਸ਼ ਦੇ ਵਿਤਕਰੇ ਤੋਂ ਵਿਰੱਕਤ ਪਰਮਾਰਥ ਸ਼ੈਦਾਈ, ਪਰਉਪਕਾਰ ਦੇ ਪੁਤਲ, ਸੱਚ ਧਰਮ ਪੰਥੀ ਜੀਉੜੇ ਹੀ ਪੰਥ ਅਤੇ ਦੇਸ਼ ਦੀ ਸੱਚੀ ਨਿਸ਼ਕਾਮ ਸੇਵਾ ਕਰ ਸਕਦੇ ਹਨ। ਫੋਕੀਆਂ ਦੇਸ਼-ਪਿਆਰ ਦੀਆਂ ਟਾਹਰਾਂ ਮਾਰਨ ਵਾਲੇ ਨਾ ਹੀ ਪੰਥ ਦਾ ਕੁਝ ਸੰਵਾਰ ਸਕਦੇ ਹਨ, ਨਾ ਹੀ ਦੇਸ਼ ਦਾ। ਓਹਨਾਂ ਨੂੰ ਤਾਂ ਫੋਕੀਆਂ ਲੀਡਰੀਆਂ ਦੀ ਲਿਲ ਹੀ ਲਗੀ ਹੋਈ ਹੈ। ਕਿਸੇ ਨੂੰ ਐਮ. ਐਲ. ਏ. ਬਣਨ ਦਾ ਚਸਕਾ ਹੈ, ਕਿਸੇ ਨੂੰ ਮਨਿਸਟਰੀ ਸਾਂਭਣ ਦਾ ਸੁਆਉ ਹੈ, ਕਿਸੇ ਨੂੰ ਕੁਝ ਬਣ ਬੈਠਣ ਦਾ ਚਾਓ ਹੈ। ਅਜਿਹੇ ਸੁਆਰਥੀ ਖ਼ੁਦਗਰਜ਼ਾਂ ਦੇ ਭਾ ਦਾ ਦੇਸ਼ ਤੇ ਪੰਥ ਭਾਵੇਂ ਖੂਹ ਵਿਚ ਪਏ ਅਤੇ ਭਾਵੇਂ ਖਾਤੇ ਵਿਚ ਡਿਗੇ, ਉਹਨਾਂ ਨੂੰ ਤਾਂ ਕੇਵਲ ਕੁਝ ਬਣਨ ਦਾ ਆਪਣਾ ਨਿਜ ਸੁਆਰਥ ਹੀ ਮੁਖ ਹੈ।

ਏਹਨਾਂ ਬਹੁਤੇ ਦੇਸ਼-ਦਰਦੀਆਂ ਨੇ ਪਹਿਲਾਂ ਹਿੰਦੁਸਤਾਨ ਦੀ ਵੰਡ ਪੁਆਈ, ਫੇਰ ਪੰਜਾਬ ਦੇ ਦੋ ਟੁਕੜੇ ਕਰਾਉਣ ਦੀ ਸੁਆਹ ਉਡਾਈ। ਇਹ ਸਿਰਫ਼ ਇਸ ਖ਼ਾਤਰ ਕਿ ਕੁਝ ਬਣ ਜਾਵਾਂਗੇ, ਵਜ਼ੀਰੀਆਂ ਸੰਭਾਲਾਂਗੇ। ਮੁਫ਼ਤ ਦੇ ਧਨੇਸੂ ਬਣ ਬੈਠਾਂਗੇ; ਨ ਹਿੰਗ ਲਗੇ ਨ ਫਟਕੜੀ। ਦੇਸ਼ ਅਤੇ ਕੌਮ ਭਾਵੇਂ ਕਿਧਰੇ ਰੁੜ੍ਹੇ ਅਤੇ ਰੁਲੇ। ਏਤਨੇ ਜ਼ਬਰ ਤੇ ਜ਼ੁਲਮ ਹੋਏ, ਏਤਨੇ ਬੇਅੰਤ ਖ਼ੂਨ ਖ਼ਰਾਬੇ ਹੋਏ ; ਪਰ ਇਹਨਾਂ ਨਿਰਦਈਆਂ ਨੂੰ ਦਰਦ ਨਾ ਆਇਆ। ਏਹਨਾਂ ਦੇਸ਼-ਪਿਆਰ ਤੋਂ ਸਖਣੇ ਦਾਅਵੇਦਾਰਾਂ ਨੇ ਆਪਣੇ ਅੱਖੀਂ ਦੇਸ਼ ਦੀ ਦੁਰਦਸ਼ਾ ਦੇ ਅਸਹਿ ਤੇ ਅਕਹਿ ਸਾਕੇ ਸੁਣੇ ਦੇਖੇ; ਪਰ ਇਹਨਾਂ ਕਿਸੇ ਦਰਦਮੰਦ ਦੀ ਦਾਰੀ ਨਾ ਕੀਤੀ। ਜਿਗਰੀ ਦਰਦ ਦੇ ਜੁਸੇ ਨੇ ਕਿਸੇ ਦੀਆਂ ਭੁਜਾਂ ਨਾ ਫਰਕਾਈਆਂ। ਦੇਸ਼ ਅਤੇ ਕੌਮ ਉਤੇ ਆਫ਼ਤ ਆਈ ਹੋਈ ਸੀ, ਮੁਸੀਬਤ ਨਾਜ਼ਲ ਹੋ ਰਹੀ ਸੀ, ਜ਼ੁਲਮ ਤੇ ਕਹਿਰ ਦੀ ਹਦੋਂ ਬੇਹਦ ਹਾਹਾਕਾਰ ਹੋ ਰਹੀ ਸੀ, ਪਰ ਏਹਨਾਂ ਦੇ ਕੰਨ ਤੇ ਜੂੰ ਨਾ ਸਰਕੀ। ਏਹਨਾਂ ਨੂੰ ਆਪਣੀ ਹੀ ਪਈ ਹੋਈ ਸੀ, ਵੱਡੀਆਂ ਪਾਉਣ ਦੀ ਹੀ ਬਣੀ ਹੋਈ ਸੀ। ਜੇ ਸੱਚਾ ਧਰਮ-ਸਪਿਰਟੀ ਦਰਦ ਇਹਨਾਂ ਦੇ ਦਿਲਾਂ ਅੰਦਰ ਹੁੰਦਾ, ਤਾਂ ਸਾਰੇ ਹੋਰ ਕੰਮ ਛਡ ਕੇ ਇਹ ਪਹਿਲਾਂ ਰਾਜ-ਗਰਦੀ ਮਚਾਉਣ ਵਾਲੇ ਦੁਸ਼ਟਾਂ ਨੂੰ ਦੰਡ ਦਿੰਦੇ, ਜ਼ਾਲਮਾਂ ਤੇ ਦੋਖੀਆਂ ਨੂੰ ਆਪਣੀ ਭੁਜ-ਬਲ ਅਤੇ ਖ਼ਾਲਸਈ ਤੇਜ ਦੇ ਜੌਹਰ ਦਿਖਾ ਕੇ ਮਾਰ ਪਛਾੜਦੇ। ਲੱਖ ਸੈਰਾਜਾਂ ਦੇ ਰਾਜ ਇਸ ਦੇ ਸਾਹਮਣੇ ਹੇਚ ਹਨ। ਇਸ ਤੇਜ ਦੇ ਗੁੰਮ ਹੋਣ ਦਾ ਕਾਰਨ ਇਹੀ, ਕੇਵਲ ਇਹੀ ਸੀ ਕਿ ਏਹਨਾਂ ਨੇ ਇਕ ਗੁਰੂ ਅਕਾਲ ਪੁਰਖ ਦੀ ਟੇਕ ਤੋਂ ਅਸ਼ਰਧਕ ਹੋ ਕੇ ਅਨ-ਮਤੀਆਂ ਦਾ ਆਸਰਾ ਤੱਕਿਆ ਅਤੇ ਸਤਿਗੁਰੂ ਦੇ ਇਸ ਸ੍ਰੀ ਮੁਖਵਾਕ ਦੀ ਉਲੰਘਣਾ ਕੀਤੀ ਹੈ—

ਜਬ ਲਗ ਖਾਲਸਾ ਰਹੈ ਨਿਆਰਾ। ਤਬ ਲਗ ਤੇਜ ਦੀਓ ਮੈਂ ਸਾਰਾ।
ਜਬ ਇਹ ਗਹਹਿ ਬਿਪਰਨ ਕੀ ਰੀਤਿ। ਮੈਂ ਨਾ ਕਰਉ ਇਨ ਕੀ ਪਰਤੀਤ।

ਹੁਣ ਤਿਨ੍ਹਾਂ ਬਿਪਰਾਂ ਦੇ ਵਹੇ ਚੜ੍ਹ ਕੇ ਇਹ ਲੋਗ ਬਾਘੀਆਂ ਪਾ ਰਹੇ ਹਨ ਕਿ ਕਾਂਗਰਸ ਗਵਰਨਮੈਂਟ ਦੇ ਨਾਲ ਈਨ ਪ੍ਰਾਧੀਨੀ ਮੋਢਾ ਡਾਹ ਕੇ ਹੀ ਹਿੰਦੁਸਤਾਨੀ ਆਜ਼ਾਦੀ ਨੂੰ ਬਰਕਰਾਰ ਰਖਿਆ ਜਾ ਸਕਦਾ ਹੈ, ਐਵੇਂ ਨਹੀਂ। ਸਾਫ਼ ਸਪੱਸ਼ਟ ਹੈ ਕਿ ਇਹਨਾਂ ਦੇ ਦਿਲਾਂ ਅੰਦਰ ਗੁਰੂ ਦੇ ਸਚੇ ਸਿਦਕੀ ਸਿੰਘਾਂ ਵਾਲਾ ਭਾਰੀ ਭੁਜਾਨੀ ਭਰੋਸਾ ਨਹੀਂ ਰਹਿਆ। ਇਨ੍ਹਾਂ ਨੂੰ ਇਹ ਕਹਿੰਦਿਆਂ ਸ਼ਰਮ ਨਹੀਂ ਆਉਂਦੀ ਕਿ "ਜੇ ਹਿੰਦੁਸਤਾਨ ਨਾ ਰਿਹਾ ਤਾਂ ਪੰਥ ਕਿਵੇਂ ਬਚੇਗਾ", ਕੀ ਉਹਨਾਂ ਨੂੰ ਪਤਾ ਨਹੀਂ ਗੁਰੂ ਦਸਮੇਸ਼ ਜੀ ਦੇ ਸਾਜੇ ਨਿਵਾਜੇ ਪੰਥ ਨੇ ਮੁਸਲਮਾਨਾਂ ਦੀ ਛੇ ਸਦੀਆਂ ਤੋਂ ਜੰਮੀ ਹੋਈ ਜ਼ੁਲਮੀ ਹਕੂਮਤ ਤੋਂ ਸਾਰੇ ਹਿੰਦੁਸਤਾਨ ਨੂੰ ਆਜ਼ਾਦ ਕਰਾਇਆ ਸੀ; ਅਤੇ ਸਾਰੀ ਮਜ਼ਲੂਮ ਹਿੰਦੂ ਕੌਮ ਨੂੰ ਬਚਾਇਆ ਸੀ। ਅਜ ਓਹਨਾਂ ਨੂੰ ਕਾਇਰਤਾ ਭਰੀ ਕੰਬਣੀ ਕਿਉਂ ਉੱਠਦੀ ਹੈ ਕਿ ਹਿੰਦੁਸਤਾਨ ਨਾ ਬਚਿਆ ਤਾਂ ਪੰਥ ਕਿਵੇਂ ਬਚੇਗਾ। ਏਸੇ ਕਰਕੇ ਹੀ ਇਹ ਕਾਇਰਪੁਣਾ ਓਹਨਾਂ ਦੇ ਰਗੋ-ਰੇਸ਼ੇ ਵਿਚ ਰਮ ਗਿਆ ਹੈ ਕਿ ਓਹਨਾਂ ਅੰਦਰ ਸੱਚੀ ਖ਼ਾਲਸਈ ਸਪਿਰਟ ਨਹੀਂ ਰਹੀ। ਓਹਨਾਂ ਅੰਦਰ ਗੁਰਮੁਖ ਸੂਰਬੀਰ ਸਿੰਘਾਂ ਵਾਲਾ ਸਿਦਕ ਭਰੋਸਾ ਨਹੀਂ ਰਿਹਾ। 'ਅਵਲ ਦੇਸ਼ ਤੇ ਦੋਇਮ ਪੰਥ' ਵਾਲਾ ਅਕੀਦਾ


www.AKJ.Org

ਓਹਨਾਂ ਨੂੰ ਡੋਬ ਲੈ ਜਾਏਗਾ, ਨਿਘਰਦੀ ਕਲਾ ਵਿਚ ਤਾਂ ਹੁਣੇ ਹੀ ਲੈ ਗਿਆ ਹੈ; ਰਸਾਤਲ ਵਿਚ ਨਿਘਰਤ ਕਰ ਕੇ ਕੁਲਛਣੀ ਬਣਾ ਰਿਹਾ ਹੈ। ਗੁਰੂ ਕਿਰਪਾ ਕਰੇ ਕਿ ਅਜੇ ਭੀ ਉਹਨਾਂ ਨੂੰ ਸੁਮੱਤ ਭਰੀ ਜਾਗਰਤ ਆ ਜਾਵੇ ਅਤੇ ਸਚੀ ਸਿਘਤਾਵੀ ਸੂਰਬੀਰਤਾ ਵਿਚ ਸਾਵਧਾਨ ਹੋ ਜਾਣ। ਇਸ ਬਿਧਿ, ਕੇਵਲ ਇਸ ਬਿਧਿ ਹੀ ਗੁਰੂ ਦੇ ਦਰੋਂ ਘਰੋਂ ਓਹ ਬਖਸ਼ੇ ਜਾ ਸਕਦੇ ਹਨ।

ਅਜ ਤੁਸਾਂ ਨੂੰ ਸਿਖ ਸਦਾ ਕੇ ਇਬਰਤ ਨਹੀਂ ਆਉਂਦੀ ਕਿ ਐਸੀ ਪਰਧਾਨ ਖ਼ਾਲਸਾ ਕੌਮ ਨੂੰ ਤੁਸੀਂ ਫ਼ਿਰਕੂ ਜਮਾਇਤ ਦਸਦੇ ਹੋ ਅਤੇ ਫੇਰ ਦੇਸ਼-ਆਜ਼ਾਦੀ ਦੇ ਸੁਪਨੇ ਲੈ ਰਹੇ ਹੋ! ਆਜ਼ਾਦੀ ਇਹਨਾਂ ਸੂਰਬੀਰਾਂ ਦੇ ਸਮੂਹ ਨੇ ਹੀ ਲਿਆਉਣੀ ਹੈ ਅਤੇ ਤਿਨ੍ਹਾਂ ਨੇ ਹੀ ਬਰਕਰਾਰ ਰਖਣੀ ਹੈ। ਇਹ ਆਜ਼ਾਦੀ ਤਿਨ੍ਹਾਂ ਨੇ ਹੀ ਕਾਇਮ ਦਾਇਮ ਰਖਣੀ ਹੈ, ਜਿਨ੍ਹਾਂ ਨੂੰ ਰਾਜ ਕਰਨ ਦੀ ਕੋਈ ਤ੍ਰਿਸ਼ਨਾ ਨਹੀਂ, ਜਿਨ੍ਹਾਂ ਨੂੰ ਰਾਜਸੀ ਮਾਣ-ਵਡਿਆਈ ਪ੍ਰਤਿਸ਼ਟਤਾ ਦੀ ਕੋਈ ਲਾਲਸਾ ਨਹੀਂ, ਜਿਨ੍ਹਾਂ ਦੇ ਦਿਲੋ ਦਿਮਾਗ ਅੰਦਰਿ ਫੋਕੀ ਲੀਡਰੀ ਵਜ਼ੀਰੀ ਅਮੀਰੀ ਦਾ ਮੇਨੀਆ (mania) ਨਹੀਂ ਲਗਿਆ ਹੋਇਆ। ਰਾਜ-ਗਰਦੀ ਮਿਟਾਉਣ ਲਈ, ਜ਼ੁਲਮ ਤੇ ਜ਼ਬਰ ਨੂੰ ਨੇਸਤੋ-ਨਾਬੂਦ ਕਰਨ ਲਈ ਦੁਸ਼ਟਾਂ ਉਤਪਾਤੀਆਂ ਸਕਲ ਮਲੇਛਾਂ ਨੂੰ ਧਰਮ-ਯੁੱਧ ਕਰ ਕੇ ਖੈ ਕਰਨ ਦਾ ਸੱਚਾ ਤੇ ਸੁੱਚਾ ਚਾਉ ਉਮਾਹ ਹੈ। ਇਹ ਚਾਉ ਉਮਾਉ ਉਨ੍ਹਾਂ ਧਰਮੀ ਜੀਉੜਿਆਂ ਦੇ ਅੰਦਰ ਹੀ ਹੁੰਦਾ ਹੈ, ਜੋ ਪਰਮਾਰਥੀ ਪ੍ਰੇਮ ਨਾਲ ਪ੍ਰੋਤੇ ਹੋਏ ਪ੍ਰੀਤਮ ਪਰਮਾਤਮਾ ਨਾਲ ਇਕ-ਮਿਕ ਹੋਏ ਵੇ ਹੁੰਦੇ ਹਨ, ਅਤੇ ਜਿਨ੍ਹਾਂ ਦੇ ਹਿਰਦੇ ਨਿਸ਼ਕਾਮਤਾ ਪੂਰਤ ਪ੍ਰੇਮਾ-ਭਗਤੀ ਨਾਲ ਬੇਧੇ ਹੋਏ ਹੁੰਦੇ ਹਨ:—

"ਜਿਨ ਸਰਧਾ ਰਾਮ ਨਾਮ ਲਗੀ ਤਿਨ੍ ਦੂਜੈ ਚਿਤੁ ਨ ਲਾਇਆ ਰਾਮ ॥
ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥" (੪੪੬)

ਅਜਿਹੇ ਕੰਚਨ ਮਾਟੀ ਸਮਾਨ ਕਰਿ ਜਾਣਨ ਵਾਲੇ ਨਿਰੰਕਾਰੀ ਸ੍ਰਿਸ਼ਤ (ਖ਼ਸਲਤ) ਵਾਲੇ ਜਨਾਂ ਦੀ ਜਨਤਾ (ਕੌਮ) ਹੀ ਧਰਮ ਦਾ ਰਾਜ ਕਰ ਸਕਦੀ ਹੈ।

ਮੌਜੂਦਾ ਭਾਰਤ-ਵਰਸ਼ੀ ਰਾਜ-ਸਾਭੂਆਂ ਨੇ ਥੋੜੇ ਮਹੀਨਿਆਂ ਵਿਚ ਹੀ ਹੁਲੜਬਾਜ਼ੀ, ਰਿਸ਼ਵਤ-ਖ਼ੋਰੀ ਅਤੇ ਫ਼ਿਰਕਾ-ਪ੍ਰਸਤੀ ਦਾ ਓਹ ਬਾਜ਼ਾਰ ਗਰਮ ਕੀਤਾ ਹੈ ਕਿ ਏਹਨਾਂ ਹੈਂਕੜ-ਬਾਜ਼ਾਂ ਨੂੰ ਸਿਵਾਏ ਹੈਂਕੜਬਾਜ਼ੀ ਦੇ ਹੋਰ ਕੁਝ ਸੁਝਦਾ ਹੀ ਨਹੀਂ। ਹਿੰਦੂ-ਨਿਵਾਜ਼ ਪਾਲਸੀ ਦਾ ਬਰਮਲਾ ਹੰਗਾਮਾ ਬਰਪਾ ਕੀਤਾ ਹੋਇਆ ਹੈ, ਜਿਧਰ ਦੇਖੋ ਸਭ ਬੜੇ ਬੜੇ ਅਫ਼ਸਰ ਹਿੰਦੂ। ਜ਼ਿਮੇਵਾਰ ਹੁਦਿਆਂ ਤੇ ਭੀ ਗਾਂਧੀ-ਪਾਲਸੀ ਵਾਲੇ ਹਿੰਦੂ ਹੀ ਲਾਏ ਹੋਏ ਹਨ। ਇਹਨਾਂ ਨੂੰ ਸਿਵਾਏ ਕਾਂਗਰਸੀਆਂ ਦੀ ਇਸ ਮਹਿਦੂਦ ਫ਼ਿਰਕੂ ਜੁੰਡੀ ਦੇ ਹੋਰ ਕੋਈ ਲਾਇਕ ਬੰਦਾ ਬਸ਼ਰ ਸਾਰੀ ਭਾਰਤ ਵਰਸ਼ ਵਿਚ ਨਜ਼ਰ ਹੀ ਨਹੀਂ ਆਉਂਦਾ! ਹਿੰਦੁਸਤਾਨ ਭਰ ਦੇ ਸਾਰਿਆਂ ਸੂਬਿਆਂ ਦੇ ਗਵਰਨਰ, ਸਾਰੀਆਂ ਕਮਿਸ਼ਨਰੀਆਂ ਦੇ ਕਮਿਸ਼ਨਰ, ਸਾਰੇ ਜ਼ਿਲਿਆਂ ਦੇ ਡਿਪਟੀ ਕਮਿਸ਼ਨਰ, ਜੋ ਨਵੇਂ ਲਾਏ ਹਨ, ਲਗ ਪਗ ਗਾਂਧੀ ਦੇ ਹੀ ਕਟਰ ਚੇਲੇ ਹਨ। ਇਸੇ ਤਰ੍ਹਾਂ ਹੋਰ ਮਹਿਕਮਿਆਂ ਅੰਦਰ ਭੀ ਇਹੋ ਹਾਲ ਹੈ।

ਅਜ ਇਹ ਰਾਜ-ਮੰਤ੍ਰੀ ਹਰੇਕ ਰਾਜ ਕਾਜ ਦੇ ਅਰੰਭ ਵਿਚ ਵੇਦ-ਮੰਤ੍ਰਾਂ ਦਾ ਫ਼ਿਰਕੂਪਣ ਲਾਜ਼ਮੀ ਤੌਰ ਤੇ ਦੰਡਤ ਕਰਾਉਂਦੇ ਹਨ। ਅਜ ਤਾਈਂ ਕਿਸੇ ਹਕੂਮਤ ਨੇ ਕਿਸੇ ਫ਼ਿਰਕੂ ਦੀ ਈਨ ਤੇ ਬੁਤ-ਪੂਜਾ ਦਾ ਮਾਂਡੇਟ (mandate) ਸਰਕਾਰੀ ਤੌਰ ਤੇ ਜਾਰੀ ਕਰਨ ਦਾ ਹਮਾਕਤੀ ਫ਼ਿਰਕੂਪਣ ਨਹੀਂ ਦਿਖਾਇਆ ਅਤੇ ਆਪਣੇ ਆਪਣੇ ਮਨ-ਮੰਨੇ ਰਾਜ ਮੰਤ੍ਰਾਂ ਦਾ ਸਿੱਕਾ ਨਹੀਂ ਜਮਾਇਆ। ਅਚਾਨਕ ਹੀ ਹਕੂਮਤ-ਮਈ ਬਟੇਰਾ ਏਹਨਾਂ ਦੇ ਪੈਰਾਂ ਹੇਠ ਆ ਗਿਆ ਹੈ। ਏਸੇ ਹੀ ਰੋਅਬ ਵਿਚ ਇਹ ਸਾਰਿਆਂ ਨੂੰ ਹੀ ਆਪਣੇ ਪੈਰਾਂ ਤਲੇ ਰੌਂਦਿਆ ਲੋੜਦੇ ਹਨ। ਚਾਰ ਦਿਨ ਦੀਆਂ ਚੰਮ ਦੀਆਂ ਇਹ ਭੀ ਚਲਾ ਲੈਣ। ਪਰ ਹੈ ਐਵੇਂ ਇਹ ਹਊਆ ਹੀ। ਨਾ ਇਹਨਾਂ ਵਜ਼ੀਰਾਂ ਅੰਦਰ ਕੋਈ ਗ਼ੈਰਤ ਹੈ, ਨਾ ਅਣਖ ਹੈ, ਨਾ ਕੋਈ ਹਕੂਮਤੀ ਜਜ਼ਬਾ ਹੈ, ਨਾਂ ਦਬਦਬਾ, ਨਿਰੀ ਨਿਪੁੰਸਕਤਾ ਹੈ। ਅਫ਼ਸੋਸ ਕਿ ਅਸਾਡੇ ਅਖੌਤੀ ਕੌਮੀਅਤ ਦੇ ਮੁਸ਼ਤਾਕ ਕਚਘਰੜ ਸਿਖ


www.AKJ.Org

ਇਹਨਾਂ ਦੀ ਈਨ ਦਾ ਹਊਆ ਮੁਫਤ ਵਿਚ ਹੀ ਮੰਨੀ ਬੈਠੇ ਹਨ ਤੇ ਅਜ ਏਹਨਾਂ ਦੇ ਸੋਹਲੇ ਗਾਉਂਦੇ ਨਹੀਂ ਰਜਦੇ। ਦਰ-ਅਸਲ ਇਹ ਬਰਜਰੇ ਇਕਤਦਾਰ ਹਨ। ਏਹਨਾਂ ਟੋਲ੍ਹਆਂ ਦੇ ਪਿੱਠੂ ਅਤੇ ਪੂੰਜ ਕੇ ਈਨ ਮੰਨਣ ਵਾਲੇ ਮੂਜ੍ਹ (ਗ਼ੁਲਾਮ) ਹਨ। ਸਿਰ ਸਾਹਾਂ ਦੇ ਸ਼ਾਹ ਸਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਖ ਸਦੋਂ ਕੇ ਇਹ ਮਨਮੁਖੀ ਗ਼ੁਲਾਮੀਅਤ ਵਾਲੇ ਵਜ਼ੀਰਾਂ ਦੇ ਹਵਾ-ਖ਼ਾਹ ਗ਼ੁਲਾਮ ਬਣ ਰਹੇ ਹਨ, ਜੋ ਇਹਨਾਂ ਲਈ ਉਕਾ ਹੀ ਸ਼ੋਭਨੀਕ ਨਹੀਂ। ਗੁਰਵਾਕ :—

"ਜਾ ਕੋ ਠਾਕੁਰੁ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ ॥" (੩੩੦)

ਇਹ ਗੱਲ ਪੱਕੀ ਹੈ ਕਿ ਸਤਿਗੁਰੂ ਨੇ ਓੜਕ ਖ਼ਾਲਸਾ ਪੰਥ ਨੂੰ ਹਰ ਪ੍ਰਕਾਰੀ ਕਾਮਯਾਬੀ ਅਤੇ ਸੁਰਖ਼ਰੂਈ ਦਾ ਸੇਹਰਾ ਬਖਸ਼ਣਾ ਹੈ। ਮਲੇਛਤਾ ਵਾਲੇ ਮਲਨ-ਮਲੀਨ ਮਲੇਛ-ਖ਼ਾਲਸਾ ਦਾ ਖੈ ਹੋ ਜਾਣਾ ਹੈ। ਅਸੀਂ ਉਸ ਦਸਮੇਸ਼ ਗੁਰੂ ਦੇ ਸਿਖ ਹਾਂ, ਜਿਸ ਨੇ ਸਾਡੇ ਉਭਾਰਨ ਲਈ, ਸਾਨੂੰ ਚੜ੍ਹਦੀ ਕਲਾ ਵਿਚ ਲਿਜਾਣ ਵਾਲੀ ਸਦਾ ਨਿਰਭੈ ਅਨਿੰਨਤਾ ਵਾਲੀ ਭਗਤਿ ਸ਼ਕਤਿ ਇਸ ਪ੍ਰਕਾਰ ਆਪਣੇ ਇਨ੍ਹਾਂ ਸਿਰੀ ਮੁਖ ਵਾਕਾਂ ਦੁਆਰਾ ਅਸਾਨੂੰ ਦ੍ਰਿੜਾਈ ਹੈ :—

ਨ੍ਰਾਜ ਛੰਦ ॥ ਕਹਿਓ ਪ੍ਰਭੂ ਸੁ ਭਾਖਿਹੋਂ ॥ ਕਿਸੂ ਨ ਕਾਨ ਰਾਖਿਹੋਂ ॥ ਕਿਸੂ ਨ ਭੇਖ ਭੀਜ ਹੋਂ ॥ ਅਲੇਖ ਬੀਜ ਬੀਜ ਹੋਂ ॥੩੪॥ ਪਖਾਣ ਪੂਜਹੋਂ ਨਹੀਂ ॥ ਨ ਭੇਖ ਭੀਜਹੋਂ ਕਹੀਂ... ॥੩੫॥ ਭਜੋਂ ਸੁ ਏਕ ਨਾਮਯੰ ॥ ਜੁ ਕਾਮ ਸਰਬ ਠਾਮਯੰ ॥ ਨ ਜਾਪ ਆਨ ਕੋ ਜਪੋ ॥ ਨ ਅਉਰ ਥਾਪਨਾ ਥਪੋ ॥੩੭॥ ਬਿਅੰਤ ਨਾਮੁ ਧਿਆਇ ਹੋਂ ॥ ਪਰਮ ਜੋਤਿ ਪਾਇ ਹੋਂ ॥ ਨ ਧਿਆਨ ਆਨ ਕੋ ਧਰੋਂ ॥ ਨ ਨਾਮ ਆਨ ਉਚਰੋਂ ॥੩੮॥ ਤਵੱਕ ਨਾਮ ਰੱਤਿਯੰ ॥ ਨ ਆਨ ਮਾਨ ਮੱਤਿਯੰ ॥ ਪਰੱਮ ਧਿਆਨ ਧਾਰੀਐਂ ॥ ਅਨੰਤ ਪਾਪ ਟਾਰੀਯੰ ॥੩੯॥ਤੁਮੇਵ ਰੂਪ ਰਾਚਿਯੰ ॥ ਨ ਆਨ ਦਾਨ ਮਾਚਿਯੰ ॥ ਤਵੱਕ ਨਾਮ ਉਚਾਰਿਯੰ ॥ ਅਨੰਤ ਦੂਖ ਟਾਰਿਯੰ ॥੪੦॥

—ਬਚਿਤ੍ਰ ਨਾਟਕ, ਧਿਆਇ ੬

---

## ਸਭੈ ਅੰਤ ਕਾਲੰ ਬਲੀ ਕਾਲ ਘਾਯੰ

ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਬਨਾਏ ॥ ਕਿਤੇ ਰਾਮ ਸੇ ਮੇਟਿ ਡਾਰੇ ਉਪਾਏ ॥
ਮਹਾਦੀਨ ਕੇਤੇ ਪ੍ਰਿਥੀ ਮਾਂਝ ਹੂਏ ॥ ਸਮੈ ਆਪਨੀ ਆਪਨੀ ਅੰਤ ਮੂਏ ॥੨੭॥

ਜਿਤੇ ਅਉਲੀਆ ਅੰਬੀਆ ਹੋਇ ਬੀਤੇ ॥ ਤਿਤਿਓ ਕਾਲ ਜੀਤਾ, ਨ ਤੇ ਕਾਲ ਜੀਤੇ ॥
ਜਿਤੇ ਰਾਮ ਸੇ ਕ੍ਰਿਸਨ ਹੋਇ ਬਿਸਨ ਆਏ ॥ ਤਿਤਿਓ ਕਾਲ ਖਾਪਿਓ,ਨ ਤੇ ਕਾਲ ਘਾਏ॥੨੮॥

ਜਿਤੇ ਇੰਦ੍ਰ ਸੇ ਚੰਦ੍ਰ ਸੇ ਹੋਤ ਆਏ ॥ ਤਿਤਿਓ ਕਾਲ ਖਾਪਾ, ਨ ਤੇ ਕਾਲ ਘਾਏ ॥
ਜਿਤੇ ਔਲੀਆ ਅੰਬੀਆ ਗੌਸ ਹ੍ਵੈ ਹੈਂ ॥ ਸਭੈ ਕਾਲ ਕੇ ਅੰਤ ਦਾੜ੍ਹਾ ਤਲੈ ਹੈਂ ॥੨੯॥

ਜਿਤੇ ਮਾਨਧਾਤਾਦਿ ਰਾਜਾ ਸੁਹਾਏ ॥ ਸਭੈ ਬਾਂਧ ਕੈ ਕਾਲ ਜੇਲੈ ਚਲਾਏ ॥
ਜਿਨੈ ਨਾਮ ਤਾ ਕੋ ਉਚਾਰੇ ਉਬਾਰੇ ॥ ਬਿਨਾ ਸ਼ਾਮ ਤਾ ਕੀ ਲਖੇ ਕੋਟ ਮਾਰੇ ॥੩੦॥

ਬਿਨਾ ਸਰਨ ਤਾ ਕੀ ਨ ਅਉਰੈ ਉਪਾਯੰ ॥ ਕਹਾ ਦੇਵ ਦਈਤੰ, ਕਹਾ ਰੰਕ ਰਾਯੰ ॥
ਕਹਾ ਪਾਤਸਾਹੰ ਕਹਾ ਉਮਰਾਯੰ ॥ ਬਿਨਾ ਓਟ ਤਾ ਕੀ ਨ ਕੋਟੈ ਉਪਾਯੰ ॥੭੬॥

ਜਿਤੇ ਜੀਵ ਜੰਤੰ ਦੁਨੀਅੰ ਉਪਾਯੰ ॥ ਸਭੈ ਅੰਤ ਕਾਲੰ ਬਲੀ ਕਾਲ ਘਾਯੰ ॥
ਬਿਨਾ ਸਰਨ ਤਾ ਕੀ ਨਹੀ ਔਰ ਓਟੰ ॥ ਲਿਖੇ ਜੰਤ੍ਰ ਕੇਤੇ ਪੜ੍ਹੇ ਮੰਤ੍ਰ ਕੋਟੰ ॥੭੭॥

—ਬਚਿਤ੍ਰ ਨਾਟਕ, ਧਿਆਇ ੧



www.AKJ.Org

# ਸ਼ਹੀਦੀ ਸਾਕੇ ਸਮੇਂ ਖਾਲਸਈ ਜਾਹੋ ਜਲਾਲ

[ਵਲੋਂ—ਸ: ਨਰੈਣ ਸਿੰਘ ਜੀ, ਐਮ. ਏ.]

ਕਲ੍ਹ ਮਿਤੀ ੨੦ ਫਰਵਰੀ ਸਵੇਰੇ ਗਿਆਰਾਂ ਵਜੇ ਸ੍ਰੀ ਨਨਕਾਣਾ ਸਾਹਿਬ ਤੋਂ ਆਈਆਂ ਤਾਰਾਂ ਤੋਂ ਗੁਰਦੁਆਰਾ ਖਰਾ ਸੌਦਾ ਚੂਹੜਕਾਣੇ ਵਿਖੇ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ, ਜਨਮ ਅਸਥਾਨ ਵਚ ਵਰਤੇ ਖੂਨੀ ਸਾਕੇ ਦੀ ਇਤਲਾਹ ਮਿਲ ਚੁਕੀ ਸੀ । ਇਸ ਸਮੇਂ ਖਰੇ ਸੌਦੇ ੮੦–੯੦ ਸਿੰਘ ਹਾਜ਼ਰ ਸਨ । ਝੱਬਰ ਜੀ ਨੇ ਇਨ੍ਹਾਂ ਨੂੰ ਲੈ ਕੇ ਗੁਰੂ ਮਹਾਰਾਜ ਦੇ ਹਜ਼ੂਰ ਅਰਦਾਸਾ ਸੋਧਿਆ, "ਸਚੇ ਪਾਤਸ਼ਾਹ, ਸਾਡੇ ਭਾਈ ਗੁਰਦੁਆਰਾ ਜਨਮ ਅਸਥਾਨ ਨੂੰ ਕੁਕਰਮੀ ਮਹੰਤ ਦੇ ਹਥੋਂ ਆਜ਼ਾਦ ਕਰਾਉਣ ਗਏ ਸ਼ਹੀਦ ਹੋ ਗਏ ਹਨ, ਹੁਣ ਇਹ ਤੇਰੇ ਟਹਿਲੀਏ ਗੁਰਦੁਆਰੇ ਦਾ ਕਬਜ਼ਾ ਲੈਣ ਲਈ ਕਮਰਕਸੇ ਕਰਦੇ ਹਨ । ਅੰਗ ਸੰਗ ਹੋ ਕੇ ਫਤਹ ਬਖਸ਼ਣੀ । ਜੇਕਰ ਅਸੀਂ ਕਬਜ਼ਾ ਨਾ ਲੈ ਸਕੀਏ ਤਾਂ ਅਸੀਂ ਸਨਮੁਖ ਹੋ ਕੇ ਸ਼ਹੀਦ ਹੋ ਜਾਈਏ ।"

ਇਹ ਅਰਦਾਸਾ ਸੋਧ ਕੇ ਜਥੇਦਾਰ ਨੇ ੪੦ ਕੁ ਸਿੰਘ–ਕੁਝ ਘੋੜ-ਸਵਾਰ ਅਤੇ ਕੁਝ ਪੈਦਲ ਚਾਰੋਂ ਪਾਸੇ ਪਿੰਡਾਂ ਵਿਚ ਭੇਜ ਕੇ ਨਨਕਾਣਾ ਸਾਹਿਬ ਅੰਦਰ ਵਰਤੇ ਭਾਣੇ ਦੀ ਖ਼ਬਰ ਦੇਂਦੇ ਹੋਏ ਸਭ ਥਾਈਂ ਇਹ ਸੂਚਨਾ ਭੇਜੀ ਕਿ ਇਹ ਖ਼ਬਰ ਮਿਲਣ ਸਾਰ ਹਰ ਇਕ ਪਗ-ਬੰਨ੍ਹ ਸਿੰਘ ਸਨੱਧ-ਬੱਧ ਹੋ ਕੇ ਨਨਕਾਣਾ ਸਾਹਿਬ ਪੁਜਣ ਦੀ ਤਿਆਰੀ ਕਰੇ ਅਤੇ ੨੧ ਫਰਵਰੀ ਸਵੇਰ ਤਕ ਚੰਦਰ-ਕੋਟ ਝਾਲ ਤੇ, ਜੋ ਨਨਕਾਣਾ ਸਾਹਿਬ ਤੋਂ ਪੰਜ ਮੀਲ ਤੇ ਹੈ, ਪੁਜ ਜਾਵੇ ।

੨੦ ਫਰਵਰੀ ਰਾਤ ਦੇ ਗਿਆਰਾਂ ਵਜੇ ਤਕ ਪੰਦਰ੍ਹਾਂ ਸੌ ਸਿੰਘ ਝਾਲ ਤੇ ਪੁਜ ਚੁਕਾ ਸੀ, ਪ੍ਰੰਤੂ ਰਾਤ ਭਰ ਹੋਰ ਉਡੀਕ ਕੀਤੀ ਗਈ ਅਤੇ ੨੧ ਫਰਵਰੀ ਦੁਪਹਿਰ ਨੂੰ ਜਥੇ ਨੇ ਇਥੋਂ ਕੂਚ ਕੀਤਾ । ਇਸ ਵੇਲੇ ਹਾਜ਼ਰ ਸਜਣਾਂ ਦੀ ਗਿਣਤੀ ਚਾਰ ਹਜ਼ਾਰ ਤੋਂ ਉਪਰ ਸੀ, ਜਿਨ੍ਹਾਂ ਵਿਚ ਬੀਬੀਆਂ ਅਤੇ ਬਿਰਧ ਭੀ ਕਾਫ਼ੀ ਸਨ । ਖਿਪਵਾਲੀ, ਜੋ ਗੁਰਦੁਆਰੇ ਦੇ ਪੁਰਾਣੇ ਮੁਸਲਮਾਨ ਕਾਸ਼ਤਕਾਰਾਂ ਦੀ ਛੋਟੀ ਜਿਹੀ ਬਸਤੀ ਨਨਕਾਣਾ ਸਾਹਿਬ ਤੋਂ ਦੋ ਮੀਲ ਤੇ ਹੈ, ਪੁਜ ਕੇ ਜਥੇਦਾਰ ਝੱਬਰ ਨੇ ਸਭ ਨੂੰ ਖੜੇ ਹੋ ਜਾਣ ਲਈ ਕਿਹਾ ਅਤੇ ਦਸਿਆ ਕਿ ਗੁਰਦੁਆਰਾ ਜਨਮ ਅਸਥਾਨ ਇਸ ਸਮੇਂ ਗੋਰਾ ਫ਼ੌਜ ਦੇ ਕਬਜ਼ੇ ਵਿਚ ਹੈ, ਗੁਰਦੁਆਰੇ ਨੂੰ ਤਾਲੇ ਲਗੇ ਹੋਏ ਹਨ ਅਤੇ ਕਿਸੇ ਨੂੰ ਉਧਰ ਜਾਣ ਦੀ ਆਗਿਆ ਨਹੀਂ । ਅਸੀਂ ਖਰੇ ਸੌਦੇ ਤੋਂ ਅਰਦਾਸਾ ਸੋਧ ਕੇ ਤੁਰੇ ਹਾਂ ਕਿ ਅਸਾਂ ਗੁਰਦੁਆਰੇ ਦਾ ਕਬਜ਼ਾ ਲੈਣਾ ਹੈ ਜਾਂ ਸਨਮੁਖ ਸ਼ਹੀਦ ਹੋ ਜਾਣਾ ਹੈ । ਇਸ ਲਈ ਇਥੋਂ ਅਗੇ ਕੇਵਲ ਉਹ ਸਜਣ ਤੁਰਨ ਜਿਨ੍ਹਾਂ ਇਸ ਫ਼ੈਸਲੇ ਤੇ ਡਟਣਾ ਹੈ, ਬਾਕੀ ਦੇ ਸਿੰਘ ਅਤੇ ਬੀਬੀਆਂ ਇਥੋਂ ਗੁਰ-ਦੁਆਰਾ ਕਿਆਰਾ ਸਾਹਿਬ ਦੇ ਰਸਤੇ ਉਧਰ ਚਲੇ ਜਾਣ । ਇਉਂ ਕਹਿੰਦੇ ਹੋਏ ਜਥੇਦਾਰ ਨੇ ਇਕ ਲਕੀਰ ਖਿੱਚ ਦਿਤੀ ਅਤੇ ਬਾਈ ਸੌ ਜਵਾਨਾਂ, ਜੋ ਇਸ ਲਕੀਰ ਤੋਂ ਲੰਘੇ, ਨੂੰ ਦੋ ਦੋ ਸੌ ਦੇ ਗਿਆਰਾਂ ਜਥਿਆਂ ਵਿਚ ਵੰਡ ਕੇ ਹਰ ਜਥੇ ਦਾ ਆਪੋ ਆਪਣਾ ਜਥੇਦਾਰ ਥਾਪ ਦਿੱਤਾ ਅਤੇ ਝੱਬਰ ਸਾਹਿਬ ਆਪ ਘੋੜੇ ਤੇ ਸਵਾਰ ਸਭ ਤੋਂ ਅਗੇ ਹੋ ਤੁਰੇ ਅਤੇ ਸਾਰੇ ਜਥਿਆਂ ਨੇ ਗੁਰਦੁਆਰਾ ਜਨਮ ਅਸਥਾਨ ਵੱਲ ਮਾਰਚ ਕੀਤਾ । ਬਾਕੀ ਦੀ ਸਾਰੀ ਸੰਗਤ ਨੇ ਗੁ: ਕਿਆਰਾ ਸਾਹਿਬ ਦਾ ਰਸਤਾ ਲਿਆ ।

*ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ੱਸ਼ਤ ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ।੨੨।। ਜ਼ਫ਼ਰਨਾਮਾ ਪਾ: ੧੦

ਹੱਥ ਨ ਚੁਕਣ ਦੀ ਸ਼ਾਂਤਮਈ ਪਾਲਿਸੀ ਦੀ ਵਰਤੋਂ ਹੋ ਚੁਕੀ ਸੀ । ਇਸ ਦਾ ਸਿੱਟਾ ਸੀ ੧੩੦ ਸਿੰਘਾਂ

* ਜਦੋਂ ਕੋਈ ਕੰਮ, ਸਾਰੇ ਹੀਲੇ ਉਪਾਵ ਕਰਨ ਦੇ ਬਾਵਜੂਦ ਵੀ ਸਿਰੇ ਨਾ ਚੜ੍ਹੇ ਤਾਂ ਫਿਰ ਸ੍ਰੀ ਸਾਹਿਬ ਨੂੰ ਹੱਥ ਵਿਚ ਲੈਣਾ ਹੀ ਯੋਗ ਹੈ ।



www.AKJ.Org

ਦੀ ਅਲੌਕਿਕ ਸ਼ਹੀਦੀ, ਜਿਸ ਨੇ ਸਮੁਚੇ ਪੰਥ ਦੇ ਖ਼ੂਨ ਨੂੰ ਗਰਮਾਇਆ। ਸ਼ਾਂਤਮਈ ਨੇ 'ਜੂਝ ਮਰਉਂ ਰਣ ਮੈਂ ਤਜ ਭੈ' ਦਾ ਰੰਗ ਅਪਣਾਇਆ ਅਤੇ ਇਹ ਬਾਈ ਸੌ ਸਿੰਘਾਂ ਦਾ ਜਥਾ, ਜਿਸ ਦਾ ਹਰ ਸਿੰਘ ਗੰਡਾਸੇ, ਸਫ਼ਾ-ਜੰਗ, ਕ੍ਰਿਪਾਨ ਜਾਂ ਡਾਂਗ ਨਾਲ ਹਥਿਆਰ-ਬੰਦ ਸੀ, ਬਾਕਾਇਦਾ ਮਾਰਚ ਕਰਦਾ ਹਾਲਾਂ ਗੁਰਦੁਆਰਾ ਜਨਮ ਅਸਥਾਨ ਅਤੇ ਖਿਪਵਾਲੀ ਦੇ ਅਧ ਵਿਚਾਲੇ ਹੀ ਪੁਜਾ ਸੀ ਕਿ ਸ: ਬ: ਮਹਿਤਾਬ ਸਿੰਘ, ਜੋ ਉਸ ਸਮੇਂ ਪੰਜਾਬ ਸਰਕਾਰ ਦੇ ਸਰਕਾਰੀ ਵਕੀਲ ਸੀ, ਘੋੜੇ ਤੇ ਸਵਾਰ ਅਗੋਂ ਆ ਮਿਲੇ ਅਤੇ ਜਥੇ ਨੂੰ ਅਗੇ ਜਾਣ ਤੋਂ ਇਹ ਕਹਿ ਕੇ ਰੋਕਿਆ ਕਿ "ਅਗੇ ਗੋਰਾ ਫੌਜ ਹੈ ਅਤੇ ਮਸ਼ੀਨ-ਗੰਨਾਂ ਬੀੜੀਆਂ ਹੋਈਆਂ ਹਨ, ਪਤਾ ਨਹੀਂ ਕਿਤਨੇ ਸਿੰਘ ਅਗੇ ਸ਼ਹੀਦ ਹੋ ਚੁਕੇ ਹਨ ਤੇ ਜੇਕਰ ਤੁਸੀਂ ਅਗਾਹਾਂ ਗਏ ਤਾਂ ਤੁਸੀਂ ਭੀ ਮਾਰੇ ਜਾਵੋਗੇ।"

ਝੱਬਰ ਨੇ ਉੱਤਰ ਦਿਤਾ, "ਸਰਦਾਰ ਬਹਾਦਰ, ਜੋ ਕੁਝ ਹੋਣਾ ਸੀ ਹੋ ਚੁੱਕਾ ਹੈ, ਹੁਣ ਪਿਛੇ ਮੁੜਨ ਦਾ ਸਮਾਂ ਨਹੀਂ। ਅਸੀਂ ਗੁਰਦੁਆਰੇ ਦਾ ਕਬਜ਼ਾ ਲੈਣਾ ਹੈ ਜਾਂ ਸਨਮੁਖ ਸ਼ਹੀਦ ਹੋ ਜਾਣਾ ਹੈ, ਸਾਨੂੰ ਕੁਝ ਨ ਕਹੋ, ਅਸੀਂ ਰੁਕ ਨਹੀਂ ਸਕਦੇ।" ਸਰਦਾਰ ਬਹਾਦਰ ਤਾਂ ਇਹ ਉਤਰ ਲੈ ਕੇ ਵਾਪਸ ਪਰਤ ਗਿਆ ਅਤੇ ਝੱਬਰ ਸਾਹਿਬ ਨੇ ਇਕ ਵੇਰ ਜਥੇ ਨੂੰ ਮੁੜ ਸੰਬੋਧਨ ਕੀਤਾ, "ਖਾਲਸਾ ਜੀ, ਹੁਣ ਅਸੀਂ ਗੋਲੀ ਦੀ ਮਾਰ ਦੇ ਨੇੜੇ ਪੁਜ ਗਏ ਹਾਂ। ਖਾਲਸੇ ਦਾ ਕਰਮ ਹੈ 'ਆਗਾਹਾਂ ਕੂ ਤ੍ਰਾਂਘਿ ਪਿਛਾ ਫੇਰਿ ਨ ਮੁਹਡੜਾ,'* ਜਿਸ ਵੇਲੇ ਗੋਲੀ ਚਲੇ, ਤੁਸਾਂ ਸਭ ਨੇ ਪੂਰੇ ਜ਼ੋਰ ਨਾਲ ਦੌੜ ਕੇ ਗੋਰਾ ਫੌਜ ਤੇ ਹੱਲਾ ਬੋਲਣਾ ਹੈ। ਜੋ ਗੋਲੀ ਖਾ ਕੇ ਡਿਗ ਪਵੇ, ਉਸ ਨੂੰ ਪਿਆ ਰਹਿਣ ਦਿਓ, ਅਗੇ ਵਧਦੇ ਜਾਓ ਅਤੇ ਹੱਥੋ ਹੱਥੀ ਗੋਰਿਆਂ ਤੇ ਪੈ ਕੇ ਉਨ੍ਹਾਂ ਪਾਸੋਂ ਬੰਦੂਕਾਂ ਖੋਹ ਲਵੋ। ਜੋ ਮਰ ਜਾਣਗੇ, ਸ਼ਹੀਦੀ ਪ੍ਰਾਪਤ ਹੋਣਗੇ; ਜੋ ਬਚਣਗੇ ਗੋਰਿਆਂ ਨੂੰ ਚੀਰ ਕੇ ਗੁਰਦੁਆਰੇ ਤੇ ਕਬਜ਼ਾ ਕਰਨਗੇ। ਅਸੀਂ ਅਰਦਾਸਾ ਸੋਧ ਕੇ ਤੁਰੇ ਹਾਂ ਕਿ ਗੁਰਦੁਆਰੇ ਦਾ ਕਬਜ਼ਾ ਕਰਾਂਗੇ ਜਾਂ ਸਨਮੁਖ ਸ਼ਹੀਦ ਹੋਵਾਂਗੇ—ਦੋਨਾਂ ਵਿਚੋਂ ਇਕ ਗੱਲ ਤਾਂ ਜ਼ਰੂਰ ਹੋਵੇਗੀ। ਇਸ ਲਈ ਕਿਸੇ ਪ੍ਰਕਾਰ ਦੀ ਢਿਲਿਆਈ ਨਹੀਂ ਵਿਖਾਉਣੀ। ਗੋਰੇ ਦੋ ਸੌ ਹਨ, ਤੁਸੀਂ ਬਾਈ ਸੌ ਹੋ, ਤੁਹਾਡੇ ਅਗੇ ਓਹ ਕਿਆ ਚੀਜ਼ ਹਨ।"

ਜਥੇ ਵਿਚੋਂ ਕਿਸੇ ਨੇ ਜੈਕਾਰਾ ਬੁਲਾਇਆ, ਜੋ ਇਤਨੇ ਜ਼ੋਰ ਦਾ ਸੀ ਕਿ ਇਕ ਵੇਰ ਧਰਤੀ ਭੀ ਕੰਬਦੀ ਪ੍ਰਤੀਤ ਹੁੰਦੀ ਸੀ। ਇਕ ਮਿੰਟ ਵਿਚ ਸਾਰੇ ਸਿੰਘ ਮੁੜ ਆਪੋ ਆਪਣੇ ਜਥਿਆਂ ਵਿਚ ਮਾਰਚ ਕਰਦੇ ਦਿਸੇ। ਇਸ ਵੇਲੇ ਸ਼ਾਮ ਦੇ ਚਾਰ ਵਜ ਚੁਕੇ ਸਨ ਅਤੇ ਥੋੜੇ ਸਮੇਂ ਵਿਚ ਹੀ ਇਹ ਰੇਲਵੇ ਲਾਈਨ ਦੇ ਪਾਸ ਪੁਜ ਗਏ। ਇਨ੍ਹਾਂ ਦੇ ਸਾਮ੍ਹਣੇ ਥੋੜੀ ਵਿਥ ਤੇ ਚਾਰ ਅੰਗਰੇਜ਼ ਅਫ਼ਸਰ ਕਮਿਸ਼ਨਰ, ਪੁਲਸ ਜਰਨੈਲ, ਫੌਜੀ ਜਰਨੈਲ ਅਤੇ ਡੀ. ਸੀ. ਅਤੇ ਸ: ਬ: ਮਹਿਤਾਬ ਸਿੰਘ, ਸ: ਹਰਬੰਸ ਸਿੰਘ ਅਟਾਰੀ, ਭਾਈ ਜੋਧ ਸਿੰਘ, ਤੇ ਸ: ਲਾਲ ਸਿੰਘ ਲਾਹੌਰ ਵਾਲੇ, ਜੋ ਲਾਹੌਰ ਤੋਂ ਕਮਿਸ਼ਨਰ ਦੇ ਨਾਲ ਹੀ ਇਥੇ ਪੁਜ ਗਏ ਹੋਏ ਸਨ, ਵਿਖਾਈ ਦਿਤੇ। ਡਿਪਟੀ ਕਮਿਸ਼ਨਰ ਮਿ: ਕਰੀ ਨੇ ਅਗੇ ਵਧ ਕੇ ਝੱਬਰ ਜੀ ਨੂੰ ਜਥੇ ਨੂੰ ਰੋਕਣ ਵਾਸਤੇ ਕਿਹਾ ਅਤੇ ਨਾਲ ਹੀ ਧਮਕੀ ਦਿੱਤੀ ਕਿ "ਆਗੇ ਗੋਰਾ ਫੌਜ ਹੈ, ਅਗਰ ਆਪ ਆਗੇ ਬੜ੍ਹੋਗੇ ਤੋ ਗੋਲੀ ਚਲ ਜਾਇਗੀ ਔਰ ਤੁਮ ਨਾਹੱਕ ਮਾਰੇ ਜਾਉਗੇ।"

ਝੱਬਰ :—"ਹਾਂ ਹਾਂ, ਆਪ ਗੋਲੀ ਚਲਾਓ ਔਰ ਮੇਰੇ ਜਵਾਨਾਂ ਦੇ ਹੱਥ ਵੇਖੋ।"

ਪੁਲਸ ਜਰਨੈਲ—"ਆਪ ਕਿਆ ਚਾਹਤੇ ਹੈਂ ?"

ਝੱਬਰ—ਅਸੀਂ ਤੁਹਾਥੋਂ ਤਾਂ ਕੁਝ ਨਹੀਂ ਮੰਗਦੇ। ਇਹ ਗੁਰਦੁਆਰਾ ਸਾਡਾ ਯੁਰੋਸ਼ਲਮ ਹੈ, ਤੁਸੀਂ ਸਾਨੂੰ ਇਥੇ ਜਾਣ ਤੋਂ ਕਿਉਂ ਰੋਕਦੇ ਹੋ ? ਤੁਸੀਂ ਇਸ ਨੂੰ ਜੰਦਰੇ ਕਿਉਂ ਮਾਰੇ ਹਨ ? ਇਸ ਦੀਆਂ ਚਾਬੀਆਂ ਰਖ ਦਿਓ ਔਰ ਫੌਜ ਹਟਾ ਲਵੋ, ਅਸੀਂ ਹੋਰ ਕੁਝ ਨਹੀਂ ਚਾਹੁੰਦੇ।

ਡੀ. ਸੀ. ਕਰੀ—ਬਹੁਤ ਅਛਾ, ਆਪ ਨੂੰ ਚਾਬੀਆਂ ਮਿਲ ਜਾਣਗੀਆਂ, ਪਰ ਅਜ ਦੀ ਰਾਤ ਚਾਰ

* ਮਾਰੂ ਡਖਣੇ ਕੀ ਵਾਰ, ਮ: ੫, (੧॥੭॥) ਪੰਨਾ ੧੦੯੬



www.AKJ.Org

ਪਹਿਰ ਠਹਿਰੋ। ਝੱਬਰ--ਸਾਹਿਬ, ਤੈਨੂੰ ਮਤ ਦੇਣ ਵਾਲਾ ਮੈਨੂੰ ਭੀ ਸਮਝਾ ਗਿਆ ਹੈ, ਤੂੰ ਚਾਰ ਪਹਿਰ ਕਹਿੰਦਾ ਹੈਂ, ਅਸੀਂ ਚਾਰ ਮਿੰਟ ਨਹੀਂ ਅਟਕ ਸਕਦੇ।—'ਖਾਲਸਾ ਜੀ, ਸਾਹਿਬ ਕਹਿੰਦਾ ਹੈ ਚਾਰ ਪਹਿਰ ਅਟਕੋ, ਕਲ੍ਹ ਸਵੇਰ ਚਾਬੀਆਂ ਮਿਲਣਗੀਆਂ।'

ਇਹ ਸੁਣਦੇ-ਸਾਰ ਜਥੇ ਦੀ ਮੂਹਰਲੀ ਕਤਾਰ ਵਿਚੋਂ ਗਿਆਨ ਸਿੰਘ ਨਾਮੀ ਸਿੰਘ ਅਗੇ ਵਧਿਆ ਔਰ ਆਪਣੀ ਛਵੀ ਜ਼ੋਰ ਨਾਲ ਜ਼ਮੀਨ ਤੇ ਮਾਰਦਾ ਹੋਇਆ ਕਹਿਣ ਲਗਾ, "ਅਸੀਂ ਇਕ ਪਲ ਅਟਕਣ ਨੂੰ ਤਿਆਰ ਨਹੀਂ।" ਗਿਆਨ ਸਿੰਘ ਦੀ ਛਵੀ ਭੁੰਜੇ ਵੱਜਣ ਦੀ ਦੇਰ ਸੀ ਕਿ ਸਾਰੇ ਜਥੇ ਨੇ ਆਪਣਾ ਆਪਣਾ ਹਥਿਆਰ ਜ਼ਮੀਨ ਤੇ ਮਾਰਿਆ ਅਤੇ ਬੜੇ ਜੋਸ਼ ਵਿਚ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਛਡਿਆ।

ਝੱਬਰ ਜੋਸ਼ ਨਾਲ ਬੋਲਿਆ, "ਸਾਹਬ, ਪਿਛੇ ਹਟ ਜਾਓ, ਐਸਾ ਨ ਹੋਵੇ ਕਿ ਤੁਹਾਡਾ ਕੋਈ ਨੁਕਸਾਨ ਹੋ ਜਾਵੇ। ਇਹ ਜਥਾ ਹੁਣ ਗੁਰਦੁਆਰੇ ਜਾਏਗਾ ਔਰ ਕਿਸੇ ਦਾ ਰੋਕਿਆ ਰੁਕ ਨਹੀਂ ਸਕਦਾ।" ਹੁਣ ਸਾਹਿਬ ਬੋਲਿਆ, "ਅਛਾ ਦੋ ਮਿੰਟ ਠਹਿਰੋ"। ਅਰ ਇਉਂ ਕਹਿੰਦੇ ਹੋਏ ਚਹਵਾਂ ਅੰਗਰੇਜ਼ ਅਫ਼ਸਰਾਂ ਨੇ ਕੁਝ ਸਲਾਹ ਕੀਤੀ ਅਤੇ ਕਮਿਸ਼ਨਰ ਕਿੰਗ ਨੇ ਅੱਗੇ ਵਧ ਕੇ ਝੱਬਰ ਨੂੰ ਗੁਰਦੁਆਰੇ ਦੀਆਂ ਚਾਬੀਆਂ ਦੇਂਦੇ ਹੋਏ ਕਿਹਾ, "ਹਮ ਆਪ ਕੋ ਗੁਰਦੁਆਰੇ ਕੀ ਚਾਬੀਆਂ ਦੇਤਾ ਹੈ, ਲੇਕਿਨ ਆਪ ਇਕ ਕਮੇਟੀ ਬਨਾ ਲੌਂ, ਜਿਸ ਕੋ ਹਮ ਗੁਰਦੁਆਰੇ ਕਾ ਕਬਜ਼ਾ ਲਿਖ ਦੇਂਗੇ। ਦੂਸਰੀ ਬਾਤ ਯੇਹ ਕਿ ਆਪ ਕੁਛ ਦੇਰ ਠਹਿਰੋ, ਹਮ ਫੌਜ ਕੋ ਵਾਪਸ ਬੁਲਾਇੰਗੇ ਔਰ ਫਿਰ ਆਪ ਕਾ ਜਥਾ ਆਗੇ ਬੜ੍ਹੇ।" ਝੱਬਰ ਨੇ ਘੋੜੇ ਤੇ ਚੜ੍ਹ ਕੇ ਜਥੇ ਨੂੰ ਚਾਬੀਆਂ ਵਿਖਾਉਂਦੇ ਹੋਏ ਕਿਹਾ, "ਖਾਲਸਾ ਜੀ, ਗੁਰਦੁਆਰੇ ਦੀਆਂ ਚਾਬੀਆਂ ਤੁਹਾਨੂੰ ਮਿਲ ਗਈਆਂ ਹਨ, ਪਰੰਤੂ ਤੁਸੀਂ ਇਥੇ ਅਟਕੋ, ਤਾਂਕਿ ਗੋਰਾ ਫੌਜ ਰਸਤੇ ਵਿਚੋਂ ਇਕ ਤਰਫ਼ ਹੋ ਜਾਵੇ ਔਰ ਕਾਨੂੰਨੀ ਕਾਰਵਾਈ ਕਰਨ ਲਈ ਇਕ ਕਮੇਟੀ ਬਣਾ ਲਈ ਜਾਵੇ, ਜਿਸ ਨੂੰ ਕਮਿਸ਼ਨਰ ਸਾਹਿਬ ਗੁਰਦੁਆਰੇ ਦਾ ਕਬਜ਼ਾ ਲਿਖ ਦੇਣਗੇ।"

ਹੁਣ ਸ: ਹਰਬੰਸ ਸਿੰਘ ਜੀ ਅਟਾਰੀ ਨੇ ਕਮਿਸ਼ਨਰ ਨੂੰ ਕਿਹਾ ਕਿ ਨਵੀਂ ਕਮੇਟੀ ਬਨਾਉਣ ਦੀ ਲੋੜ ਨਹੀਂ, ਸ਼੍ਰੋਮਣੀ ਗੁਰਦੁਆਰਾ ਕਮੇਟੀ ਪਹਿਲੇ ਹੀ ਬਣ ਚੁਕੀ ਹੋਈ ਹੈ। ਉਹ ਸਿਖ ਕੌਮ ਦੀ ਨੁਮਾਇੰਦਾ ਜਮਾਤ ਹੈ, ਤੁਸੀਂ ਉਸ ਕਮੇਟੀ ਦੇ ਨਾਮ ਹੀ ਗੁਰਦੁਆਰੇ ਦਾ ਕਬਜ਼ਾ ਲਿਖ ਦਿਉ। ਪਰੰਤੂ ਕਮਿਸ਼ਨਰ ਦੇ ਜ਼ਿਦ ਕਰਨ ਤੇ ਹਾਜ਼ਰ ਸਿੰਘਾਂ ਵਿਚੋਂ ਹੀ ਸਤ ਆਦਮੀਆਂ ਦੀ ਇਕ ਕਮੇਟੀ ਬਣਾ ਲਈ ਗਈ, ਜਿਸ ਦੇ ਪ੍ਰਧਾਨ ਸ: ਹਰਬੰਸ ਸਿੰਘ ਜੀ ਥਾਪੇ ਗਏ ਅਤੇ ਗੁ: ਜਨਮ ਅਸਥਾਨ ਦਾ ਕਬਜ਼ਾ ਇਸ ਕਮੇਟੀ ਦੇ ਹੱਕ ਵਿਚ ਲਿਖ ਦਿਤਾ ਗਿਆ।

ਇਤਨੇ ਵਿਚ ਗੋਰਾ ਫ਼ੌਜ ਗੁਰਦੁਆਰੇ ਦੇ ਪਹਿਰੇ ਤੋਂ ਹਟ ਚੁਕੀ ਸੀ। ਝੱਬਰ ਨੇ ਜਥੇ ਨੂੰ ਉਸ ਥਾਂ ਅਟਕਣ ਦੀ ਸੂਚਨਾ ਦਿਤੀ ਅਤੇ ਆਪ, ਕਮੇਟੀ ਦੇ ਮੈਂਬਰ ਅਤੇ ਕੁਝ ਹੋਰ ਸਿੰਘਾਂ ਸਮੇਤ, ਜੋ ਲਾਹੌਰ ਅੰਮ੍ਰਿਤਸਰ ਗੁਜਰਾਂਵਾਲਾ ਆਦਿ ਥਾਵਾਂ ਤੋਂ ਪੁਜੇ ਹੋਏ ਸਨ, ਦਖਣੀ ਦਰਵਾਜ਼ੇ ਦਾ ਤਾਲਾ ਖੋਲ੍ਹ ਕੇ ਗੁ: ਜਨਮ ਅਸਥਾਨ ਦੇ ਇਹਾਤੇ ਅੰਦਰ ਦਾਖਲ ਹੋਏ। ਬਾਰਾਂਦਰੀ ਦੇ ਉਤਰ ਵਲ ਤਿੰਨ ਸਿੰਘਾਂ ਦੀਆਂ ਲਾਸ਼ਾਂ ਪਈਆਂ ਸਨ, ਬਾਕੀ ਦੇ ਸ਼ਹੀਦ ਹੋਏ ਸਿੰਘਾਂ ਦੇ ਅਧ-ਸੜੇ ਸਰੀਰ ਅਤੇ ਟੋਟੇ ਟੋਟੇ ਕੀਤੇ ਹਿੱਸੇ ਲੱਤਾਂ ਬਾਹਾਂ ਸਿਰ ਅਤੇ ਸਰੀਰਾਂ ਦੇ ਹੋਰ ਭਾਗ ਕਈ ਢੇਰਾਂ ਵਿਚ ਪਏ ਸਨ। ਇਸ ਅਤਿ ਹਿਰਦੇ-ਵੇਧਕ ਦ੍ਰਿਸ਼ ਨੂੰ ਇਹ ਸਿੰਘ ਬਹੁਤ ਸਮਾਂ ਨਾ ਵੇਖ ਸਕੇ ਅਤੇ ਛੇਤੀ ਹੀ ਬਾਹਰ ਆ ਕੇ ਦਰਵਾਜ਼ਾ ਬੰਦ ਕੀਤਾ ਗਿਆ। ਕੁਝ ਸਿੰਘਾਂ ਨੂੰ ਜਥੇ ਦੇ ਪੁਜਣ ਤਕ ਦਰਵਾਜ਼ਿਆਂ ਅਗੇ ਖੜਾ ਕਰਕੇ ਝੱਬਰ ਜਥੇ ਵਲ ਗਿਆ। ਸ: ਉਤਮ ਸਿੰਘ ਅਤੇ ਨਨਕਾਣਾ ਸਾਹਿਬ ਸ਼ਹਿਰ ਦੇ ਹੋਰ ਪ੍ਰੇਮੀ ਇਸ ਵੇਲੇ ਤਕ ਜਥੇ ਲਈ ਦੁੱਧ ਚਾਹ ਪਾਣੀ ਅਤੇ ਹੋਰ ਖਾਣ ਦੇ ਪਦਾਰਥ ਲੈ ਕੇ ਜਥੇ ਪਾਸ ਪੁਜੇ ਹੋਏ ਸਨ। ਕਲ੍ਹ ਦੇ ਘਰਾਂ ਤੋਂ ਤੁਰੇ ਹੋਏ ਪਿਆਸੇ ਤੇ ਭੁਖੇ ਸਿੰਘਾਂ ਨੂੰ ਜਲ ਪਾਣੀ ਛਕਾਇਆ ਗਿਆ। ਉਪਰੰਤ ਝੱਬਰ ਜੀ ਨੇ ਜਥੇ ਨੂੰ ਗੁਰਦੁਆਰੇ ਦੇ ਅੰਦਰ ਦੇ ਹਾਲਾਤ ਤੋਂ ਸੰਖੇਪ ਤੌਰ ਤੇ ਜਾਣੂ ਕਰਾਇਆ ਅਤੇ ਅਗਲੇ ਦਿਨ ਸਵੇਰੇ ਦਰਵਾਜ਼ੇ ਖੋਲ੍ਹ ਕੇ ਸ਼ਹੀਦਾਂ ਦੇ ਦਰਸ਼ਨ ਕਰਾਏ ਜਾਣ ਦੀ ਸੂਚਨਾ ਦੇਂਦੇ ਹੋਏ ਜਥੇ ਨੂੰ ਗੁਰਦੁਆਰੇ ਦੀ ਸਰਾਇ ਅੰਦਰ ਲਿਆਂਦਾ ਗਿਆ। ਸਾਰੇ ਸਿੰਘਾਂ ਨੂੰ ਆਪੋ ਆਪ ਗੁਰਦੁਆਰਾ ਸਰਾਇ ਅਤੇ ਆਬਾਦੀ ਜਨਮ ਅਸਥਾਨ ਦੀਆਂ ਵਖੋ ਵਖ ਥਾਵਾਂ ਦੇ ਪਹਿਰੇ ਤੇ ਖੜਾ ਕੀਤਾ ਗਿਆ। ਜਥੇ ਦੇ ਸਿੰਘਾਂ ਨੇ ਸਾਰੀ ਰਾਤ ਪੂਰੀ ਚੌਕਸਤਾਈ

www.AKJ.Org

ਨਾਲ ਗੁਰਦੁਆਰੇ ਅਤੇ ਸੰਬੰਧਤ ਥਾਵਾਂ ਦੀ ਰਖਵਾਲੀ ਕੀਤੀ। ਇਸ ਤਰ੍ਹਾਂ ਨਾਲ ੨੧ ਫਰਵਰੀ ੧੯੨੧ ਮੁਤਾਬਕ ੧੧ ਫਗਣ ਗੁਰਦੁਆਰਾ ਜਨਮ ਅਸਥਾਨ ਦਾ ਕਬਜ਼ਾ ਸਤ ਮੈਂਬਰਾਂ ਦੀ ਪੰਥਕ ਕਮੇਟੀ ਦੇ ਨਾਮ ਤੇ ਭਾਈ ਕਰਤਾਰ ਸਿੰਘ ਝੱਬਰ ਦੀ ਜਥੇਦਾਰੀ ਹੇਠ ਖਰਾ ਸੌਦਾ ਬਾਰ ਦੇ ਜਥੇ ਦੇ ਹਥ ਵਿਚ ਆਇਆ। ਰਾਤ ਬਰਾਤੇ ਸਿੰਘਾਂ ਦੇ ਹੋਰ ਕਈ ਜਥੇ ਜੜਾਂਵਾਲਾ, ਸਾਂਗਲਾ, ਗੁਜਰਾਂਵਾਲਾ, ਲਾਹੌਰ, ਲਾਇਲਪੁਰ ਆਦਿ ਥਾਵਾਂ ਤੋਂ ਇਥੇ ਪੁਜ ਗਏ ਸਨ ਅਤੇ ਅਗਲਾ ਦਿਨ ਚੜ੍ਹਨ ਤਕ ਸਿੰਘ ਹਜ਼ਾਰਹਾਂ ਦੀ ਗਿਣਤੀ ਵਿਚ ਨਨਕਾਣਾ ਸਾਹਿਬ ਆ ਚੁਕੇ ਸਨ। ੨੨ ਫਰਵਰੀ ਸਵੇਰੇ ੧੧ ਵਜੇ ਦਖਣੀ ਦਰਵਾਜ਼ੇ ਦੇ ਰਸਤੇ ਜਦ ਜਨਮ ਅਸਥਾਨ, ਜੋ ਉਸ ਸਮੇਂ ਸ਼ਹੀਦ ਅਸਥਾਨ ਬਣਿਆ ਹੋਇਆ ਸੀ, ਦੇ ਦਰਸ਼ਨਾਂ ਨੂੰ ਅੰਦਰ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜ਼ਖਮੀ ਬੀੜ ਦੇ ਉਸੇ ਪ੍ਰਕਾਸ਼ ਮਈ ਹਾਲਤ ਵਿਚ ਦਰਸ਼ਨ ਕੀਤੇ ਤਾਂ ਸਭ ਤੋਂ ਪਹਿਲੋਂ ਇਹ ਸ਼ਬਦ ਸਾਮ੍ਹਣੇ ਆਇਆ, ਜਿਸ ਦਾ ਪਾਠ ਅਤਿ ਵੈਰਾਗ ਮਈ ਸੁਰ ਵਿਚ ਭਾਈ ਹੀਰਾ ਸਿੰਘ ਜੀ ਫਿਰੂਕੇ ਵਾਲਿਆਂ ਨੇ ਕੀਤਾ:-

ਰਾਗ ਸੂਹੀ ਬਾਣੀ ਸੇਖ ਫਰੀਦ ਜੀ ਕੀ

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥-ਬਾਵਲਿ ਹੋਈ ਸੋ ਸਹੁ ਲੋਰਉ ॥ ਤੈ ਸਹਿ ਮਨ ਮਹਿ ਕੀਆ ਰੋਸੁ॥ਮੁਝੁ ਅਵਗਨ ਸਹ ਨਾਹੀ ਦੋਸੁ॥੧॥ ਤੈ ਸਾਹਿਬ ਕੀ ਮੈ ਸਾਰ ਨ ਜਾਨੀ॥ਜੋਬਨੁ ਖੋਇ ਪਾਛੈ ਪਛੁਤਾਨੀ॥੧॥ਰਹਾਉ॥ ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥ ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥ ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥ ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ॥੨॥ ਵਿਧਣ ਖੂਹੀ ਮੁੰਧ ਇਕੇਲੀ ॥ ਨਾ ਕੋ ਸਾਥੀ ਨਾ ਕੋ ਬੇਲੀ ॥ ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ ॥ ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥ ਵਾਟ ਹਮਾਰੀ ਖਰੀ ਉਡੀਣੀ॥ ਖੰਨਿਅਹੁ ਤਿਖੀ ਬਹੁਤੁ ਪਿਈਣੀ ॥ ਉਸੁ ਊਪਰਿ ਹੈ ਮਾਰਗੁ ਮੇਰਾ ॥ ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥ ੪॥੧॥ ਦਰਸ਼ਕ ਛਮਾ ਛਮ ਰੋ ਰਹੇ ਸਨ।

ਅਗਲੇ ਦਿਨ ਦੂਰ ਦੁਰਾਡੀਆਂ ਥਾਵਾਂ ਤੋਂ ਭੀ ਬਹੁਤ ਸਾਰੇ ਸਿੰਘ ਪੁਜ ਗਏ, ਜਿਨ੍ਹਾਂ ਦੀ ਗਿਣਤੀ ਲੱਖ ਤੋਂ ਉਪਰ ਸੀ। ਕਿਉਂਕਿ ਗੁਰਦੁਆਰੇ ਤੋਂ ਬਾਹਰ ਭੀ ਕਈ ਸਿੰਘ ਸ਼ਹੀਦ ਕੀਤੇ ਅਤੇ ਸਾੜੇ ਗਏ ਸਨ, ਜਿਸ ਤਰ੍ਹਾਂ ਭਾਈ ਦਲੀਪ ਸਿੰਘ, ਭਾਈ ਵਰਿਆਮ ਸਿੰਘ ਆਦਿ ਕਈ ਸਿੰਘ ਘੁਮਿਆਰਾਂ ਦੀ ਆਵੀ ਵਿਚ, ਕੁਝ ਸਿੰਘ ਰੇਲਵੇ ਲਾਈਨ ਤੋਂ ਪਾਰ ਸਾੜੇ ਜਾਣ ਤੋਂ ਉਪਰੰਤ ਉਨ੍ਹਾਂ ਦੀਆਂ ਅਸਥੀਆਂ ਬਿਭੂਤੀ ਆਦਿ ਬੁਤ ਵਾਲੇ ਖੂਹ ਵਿਚ, ਜੋ ਮੌਜੂਦਾ ਗੁਰੂ ਨਾਨਕ ਖਾਲਸਾ ਹਾਈ ਸਕੂਲ ਦੇ ਲਾਗੇ ਸੀ, ਸੁਟੀ ਗਈ ਸੀ। ਇਨ੍ਹਾਂ ਥਾਉਂ ਥਾਈਂ ਹੋਏ ਸਾਰੇ ਸ਼ਹੀਦਾਂ ਦੇ ਅੱਧ-ਸੜੇ ਸਰੀਰਾਂ ਦੇ ਹਿਸੇ (ਅਸਥੀਆਂ ਆਦਿ ਅਤੇ ਮਾਸ ਅਤੇ ਜੰਮੇ ਹੋਏ ਲਹੂ ਦੀਆਂ ਫੁਟੀਆਂ) ਜਿਥੋਂ ਜਿਥੋਂ ਭੀ ਮਿਲ ਸਕੇ, ਸਾਰੀਆਂ ਨੂੰ ਗੁਰਦੁਆਰੇ ਦੇ ਇਹਾਤੇ ਅੰਦਰ ਇਕੱਠਾ ਕਰਨਾ ਸ਼ੁਰੂ ਕੀਤਾ ਗਿਆ। ੨੨ ਫਰਵਰੀ ਨੂੰ ਰਾਵਲਪਿੰਡੀ ਤੋਂ ਸ: ਸੁੰਦਰ ਸਿੰਘ ਜੀ ਮਜੀਠੀਆ, ਜੋ ਉਹਨੀਂ ਦਿਨੀਂ ਪੰਜਾਬ ਦੀ ਐਗਜ਼ੈਕਟਿਵ ਕੌਂਸਲ ਦੇ ਮੈਂਬਰ ਸਨ, ਦੀ ਤਾਰ ਪੁਜੀ ਕਿ ਪੰਜਾਬ ਦਾ ਗਵਰਨਰ ਮੈਕਲੈਗਨ ਸਾਹਿਬ ਸਾਕੇ ਦਾ ਦ੍ਰਿਸ਼ ਵੇਖਣ ਲਈ ਨਨਕਾਣਾ ਸਾਹਿਬ ਆ ਰਿਹਾ ਹੈ, ਇਸ ਲਈ ਉਨ੍ਹਾਂ ਦੇ ਆਉਣ ਤਕ ਸ਼ਹੀਦਾਂ ਦਾ ਸਸਕਾਰ ਨ ਕੀਤਾ ਜਾਵੇ। ਅਗਲੇ ਦਿਨ ਅਥਵਾ ੨੩ ਫ਼ਰਵਰੀ ਦੀ ਸਵੇਰ ਨੂੰ ਗਵਰਨਰ ਪੰਜਾਬ ਸਮੇਤ ਕਈ ਹੋਰ ਅੰਗਰੇਜ਼ ਅਫਸਰਾਂ ਅਤੇ ਕੌਂਸਲਰਜ਼ ਸ: ਸੁੰਦਰ ਸਿੰਘ ਮਜੀਠੀਆ, ਲਾਲਾ ਹਰਕਿਸ਼ਨ ਲਾਲ ਅਤੇ ਸਰ ਫਜ਼ਲ ਹੁਸੈਨ ਦੇ ਨਨਕਾਣਾ ਸਾਹਿਬ ਪੁੱਜੇ। ਇਨ੍ਹਾਂ ਨੂੰ ਗੁਰਦੁਆਰੇ ਦੇ ਅੰਦਰ ਲੈ ਜਾ ਕੇ ਸਾਕੇ ਦੇ ਦ੍ਰਿਸ਼ ਵਿਖਾਏ ਗਏ, ਜਿਨ੍ਹਾਂ ਦਾ ਗਵਰਨਰ ਦੇ ਮਨ ਉਤੇ ਗਹਿਰਾ ਅਸਰ ਹੋਇਆ।

ਇਨ੍ਹਾਂ ਦੇ ਚਲੇ ਜਾਣ ਪਿਛੋਂ ਸਾਰੇ ਸ਼ਹੀਦਾਂ ਦਾ ਅੰਗੀਠਾ ਗੁਰਦੁਆਰੇ ਦੇ ਇਹਾਤੇ ਅੰਦਰ ਪ੍ਰਕਾਸ਼ ਅਸਥਾਨ ਦੇ ਸਾਮ੍ਹਣੇ, ਜਿਸ ਜਗ੍ਹਾ ਹੁਣ ਸ਼ਹੀਦ ਗੰਜ ਬਣਿਆ ਹੋਇਆ ਹੈ, ਤਿਆਰ ਕੀਤਾ ਗਿਆ। ਭਾਈ ਸਾਹਿਬ ਜੋਧ ਸਿੰਘ ਜੀ ਨੇ ਸ਼ਹੀਦਾਂ ਦੇ ਨਮਿਤ ਅਤਿ ਵੈਰਾਗਮਈ ਭਾਵ ਪੂਰਤ ਅਰਦਾਸਾ ਸੋਧਿਆ ਅਤੇ ਸ਼ਾਮ ਦੇ ਸਤ ਵਜੇ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ।

www.AKJ.Org

"ਗੁ: ਪ੍ਰਬੰਧ ਸੁਧਾਰ ਲਹਿਰ" ਪੁਸਤਕ ਵਿਚੋਂ

# *ਕਿਲ੍ਹਾ ਲੋਹਗੜ੍ਹ ਸ੍ਰੀ ਅੰਮ੍ਰਿਤਸਰ ਵਿਖੇ*

# ਸਿਖ ਇਤਿਹਾਸ ਦੀ ਪਹਿਲੀ ਜੰਗ

[ਵਲੋਂ—ਪ੍ਰਿੰਸੀਪਲ ਸਤਿਬੀਰ ਸਿੰਘ ਜੀ]

੧੬੨੯ ਦੀ ਵੈਸਾਖੀ ਨੂੰ ਸਿਖ ਦੂਰ ਦੂਰ ਤੋਂ ਸ੍ਰੀ ਅੰਮ੍ਰਿਤਸਰ ਦਰਸ਼ਨਾਂ ਨੂੰ ਆਏ ਹੋਏ ਸਨ ਤੇ ਸ਼ਿਕਾਰ ਦੇ ਸ਼ੌਕ ਵਿਚ ਸਿਖ ਦੂਰ ਪਰ੍ਹਾਂ ਵੀ ਨਿਕਲ ਜਾਂਦੇ ਸਨ। ਸਿਖ ਸ਼ਿਕਾਰ ਖੇਡਣ ਲਈ ਗੁਮਟਾਲੇ ਦੀ ਸੈਂਕਚੁਅਰੀ (ਸ਼ਰਨ-ਅਸਥਾਨ) ਵਿਚ ਜਾ ਵੜੇ। ਉਹ ਸ਼ਾਹੀ ਹਾਕਮਾਂ ਲਈ ਰਾਖਵੀਂ ਸੀ। ਉਥੇ ਲਾਹੌਰ ਵਲੋਂ ਸ਼ਾਹੀ ਫੌਜਾਂ ਪਹਿਲਾਂ ਹੀ ਸ਼ਿਕਾਰ ਖੇਡ ਰਹੀਆਂ ਸਨ। ਸਿਖਾਂ ਨੇ ਡਿਠਾ ਕਿ ਇਕ ਬਾਜ਼ ਬਾਰ ਬਾਰ ਅਸਮਾਨ ਵਿਚ ਜਾਂਦਾ ਹੈ ਤੇ ਅਕਾਸ਼ ਵਿਚ ਤਾਰੀਆ ਲਗਾ ਇਕ ਸ਼ਿਕਾਰ ਨੂੰ ਥੱਲੇ ਜ਼ਮੀਨ ਉਤੇ ਸੁਟਦਾ ਹੈ, ਫਿਰ ਸ਼ਿਕਾਰ ਨੂੰ ਪਕੜ ਕੇ ਅਸਮਾਨ ਵਿਚ ਲੈ ਜਾਂਦਾ ਹੈ ਤੇ ਪਹਿਲੇ ਦੀ ਤਰ੍ਹਾਂ ਕਰਮ ਕਰਦਾ ਹੈ। ਸਿਖਾਂ ਨੇ ਬਾਜ਼ ਦੇ ਸ਼ਿਕਾਰ ਨੂੰ ਇਸ ਤਰ੍ਹਾਂ ਤੜਫਾਉਣ ਨੂੰ, ਸ਼ਿਕ ਰ ਦੀ ਖੇਡ ਨਾਲੋਂ ਧਿਤਕਾਰ ਦੀ ਖੇਡ ਜਾਣ ਆਪਣੇ ਵਲੋਂ ਬਾਜ਼ ਛਡ ਦਿਤਾ। ਛਡੇ ਬਾਜ਼ ਨੇ ਝਪਟ ਕੇ ਸ਼ਾਹੀ ਬਾਜ਼ ਨੂੰ ਭੁੰਜੇ ਗਿਰਾ ਲਿਆ। ਸ਼ਾਹੀ ਫ਼ੌਜਾਂ ਦੇ ਸ਼ਿਕਾਰੀਆਂ ਨੇ ਆਪਣੇ ਰਾਖਵੇਂ ਅਧਿਕਾਰਾਂ ਵਿਚ ਦਖ਼ਲ ਜਾਣ ਕੇ ਬਾਜ਼ ਵਾਪਸ ਕਰਨ ਲਈ ਕਿਹਾ ਅਤੇ ਸ਼ਰਨ-ਅਸਥਾਨ ਵਿਚ ਦਾਖ਼ਲ ਹੋਣ ਕਾਰਨ ਕੁਬੋਲ ਬੋਲੇ ਤੇ ਸ਼ਾਹੀ ਅਤਾਬ ਦਾ ਡਰ ਦਿਤਾ। ਸਿਖਾਂ ਨੇ ਵੀ ਢੁਕਵੇਂ ਉਤਰ ਦਿਤੇ। ਐਸੀ ਦਸ਼ਾ ਵਿਚ ਬਾਜ਼ ਵਾਪਸ ਕਰਨ ਤੋਂ ਸਾਫ ਇਨਕਾਰ ਕਰ ਦਿਤਾ। ਸ਼ਾਹੀ ਫੌਜਾਂ ਨੇ ਜੰਗ ਦੀ ਧਮਕੀ ਦਿਤੀ। ਸਿਖਾਂ ਵਿਚ ਇਤਨੀ ਜ਼ੁਅਰਤ ਭਰੀ ਜਾ ਚੁਕੀ ਸੀ ਕਿ ਉਹ ਹਰ ਧਮਕੀ ਦਾ ਉਤਰ ਦੇ ਸਕਣ।

ਸ਼ਾਹੀ ਫ਼ੌਜਾਂ ਨੇ ਵਾਪਸ ਲਾਹੌਰ ਮੁੜ ਕੇ ਕੁਲੀਜ ਖ਼ਾਨ ਨੂੰ ਸਭ ਹਾਲਾਤ ਸੁਣਾਏ ਤੇ ਦਲੀਲ ਦਿਤੀ ਕਿ ਜਿਨ੍ਹਾਂ ਅੱਜ ਬਾਜ਼ ਨੂੰ ਹੱਥ ਪਾਇਆ ਹੈ ਉਹ ਕਲ੍ਹ ਤਾਜ ਨੂੰ ਹੱਥ ਪਾਉਣਗੇ। ਕੁਲੀਜ ਖ਼ਾਨ ਨੇ ਬਾਦਸ਼ਾਹ ਸ਼ਾਹਜਹਾਨ ਨੂੰ ਵਧਾ ਚੜ੍ਹਾ ਕੇ ਹਾਲਾਤ ਲਿਖੇ ਤੇ ਹਮਲਾ ਕਰਨ ਦੀ ਆਗਿਆ ਮੰਗੀ। ਸ਼ਾਹਜੈਂਹਾਨ ਨੇ ਫੁਰਮਾਨ ਰਾਹੀਂ ਹਮਲਾ ਕਰਨ ਦੀ ਆਗਿਆ ਦੇ ਦਿਤੀ। .. ..

**ਜੰਗ ਦੀਆਂ ਘਟਨਾਵਾਂ—**

ਕੁਲੀਜ ਖ਼ਾਨ ਨੇ ਆਪਣੇ ਫ਼ੌਜਦਾਰ ਮੁਖ਼ਲਿਸ ਖ਼ਾਨ (ਜਿਸ ਨੂੰ ਜ਼ਫ਼ਰ ਜੰਗ ਦਾ ਖ਼ਿਤਾਬ ਵੀ ਮਿਲਿਆ ਹੋਇਆ ਸੀ) ਨੂੰ ਸਤ ਹਜ਼ਾਰ ਫੌਜ ਦੇ ਕੇ ਅੰਮ੍ਰਿਤਸਰ ਤੇ ਹੱਲਾ ਕਰਨ ਲਈ ਭੇਜਿਆ। ੧੫ ਮਈ ੧੬੨੯ ਨੂੰ ਫੌਜਾਂ ਅੰਮ੍ਰਿਤਸਰ ਲਾਗੇ ਪੁਜ ਗਈਆਂ। ਸਤਿਗੁਰੂ ਵੀ ਜਾਣਦੇ ਸਨ ਕਿ ਬਾਜ਼ ਦੀ ਘਟਨਾ ਕੋਈ ਨਾ ਕੋਈ ਰੰਗ ਜ਼ਰੂਰ ਕਢੇਗੀ। ਪਰ ਇਤਨੀ ਛੇਤੀ ਹਮਲੇ ਦੀ ਸੰਭਾਵਨਾ ਕੋਈ ਵੀ ਨਹੀਂ ਸੀ ਕਰਦਾ। ਫੌਜਾਂ ਦਾ ਆਉਣਾ ਸੁਣ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੈਨਾਪਤੀ ਨੂੰ ਹੁਕਮ ਦਿਤਾ ਕਿ ਉਹ ਦੁਸ਼ਮਣ ਨਾਲ ਅਗੇ ਜਾ ਕੇ ਲੋਹਾ ਲੈਣ। ਪਿਪਲੀ ਸਾਹਿਬ ਲਾਗੇ ਕੁਝ ਸਿਖ ਖ਼ਬਰ ਸਾਰ ਲੈਣ ਲਈ ਖੜੇ ਸਨ। ਫ਼ੌਜਾਂ ਦੇ ਅਗਲੇ ਦਸਤੇ ਨਾਲ ਉਥੇ ਹੀ ਖੰਡਾ ਖੜਕ ਪਿਆ। ਇਸ ਹਮਲੇ ਦੀ ਖ਼ਬਰ ਗੁਰੂ ਜੀ ਨੂੰ ਤਦ ਮਿਲੀ ਜਦ ਉਹ ਆਰਾਮ ਕਰ ਰਹੇ ਸਨ। ਭਾਈ ਬਿਧੀ ਚੰਦ ਜੀ ਨੇ ਮੋਰਚਾ ਸੰਭਾਲ ਲਿਆ ਅਤੇ ਆਉਂਦੀਆਂ ਫ਼ੌਜਾਂ ਨੂੰ ਵੰਗਾਰਿਆ। ਸਿਖਾਂ ਵਿਚ ਇਕ ਉਤਸ਼ਾਹ ਹੀ ਜਾਗ ਪਿਆ, ਉਹ ਧਰਮ-ਜੁੱਧ ਕਰ ਕੇ ਲੜ ਰਹੇ ਸਨ।

ਇਹ ਪਹਿਲੀ ਜੰਗ ਸੀ ਜੋ ਜਨਤਾ ਤੇ ਹਕੂਮਤ ਵਿਚਕਾਰ ਹੋ ਰਹੀ ਸੀ। ਰਾਜਿਆਂ ਤੇ ਰਿਆਸਤਾਂ ਨੇ ਤਾਂ ਕਈ ਲੜਾਈਆਂ ਲੜੀਆਂ ਸਨ, ਪਰ ਲੋਕ-ਜੰਗ ਇਹ ਪਹਿਲੀ ਸੀ ਤੇ ਇਸ ਦਾ ਪ੍ਰਭਾਵ ਪੰਜਾਬ ਤੇ ਇਤਿਹਾਸ ਉਤੇ ਅਵੱਸ਼ ਪੈਣਾ ਸੀ। ਚਿਰਾਂ ਉਪਰੰਤ ਲੋਕੀਂ ਅਣਖ, ਸਵੈਮਾਨ ਲਈ ਲੜ ਰਹੇ ਸਨ, ਫਿਰ ਕਿਸੇ ਧਨ, ਧਨਿਤਾ ਜਾਂ ਧਰਤੀ ਲਈ ਨਹੀਂ, ਸਗੋਂ ਨਿਰੋਲ ਹੱਕ ਲਈ ਤੇ ਆਜ਼ਾਦੀ ਲਈ। ਸੋ ਜੋਸ਼ ਦਾ ਉਭਰਨਾ


www.AKJ.Org

ਕੁਦਰਤੀ ਸੀ। ਜੰਗ ਦਾ ਹੱਲਾ ਇਤਨਾ ਅਚਾਨਕ ਸੀ, ਇਸ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਤੀਜੇ ਦਿਨ ਬੀਬੀ ਵੀਰੋ ਦੀ ਸ਼ਾਦੀ ਸੀ ਤੇ ਬਰਾਤ ਅੰਮ੍ਰਿਤਸਰ ਵਲ ਚਲ ਵੀ ਪਈ ਸੀ, ਪਰ ਗੁਰੂ ਜੀ ਨੇ ਬੜੀ ਸੁਘੜਤਾ ਨਾਲ ਉਸ ਸਮੇਂ ਨੂੰ ਸੰਭਾਲਿਆ। ਸ਼ਾਹੀ ਫੌਜਾਂ ਨੂੰ ਤਕੜੀ ਰੋਕ ਪਾ ਦਿਤੀ। 'ਸੂਰਜ ਪ੍ਰਕਾਸ਼' ਵਿਚ ਉਸ ਟਾਕਰੇ ਬਾਰੇ ਲਿਖਿਆ ਹੈ ਕਿ ਭਾਰੀ ਵਾਢੀ ਕਰਨ ਵਾਲੀ ਹਲੱਬ ਦੀ ਸਰੋਹੀ ਚਲੀ। ਮਿਆਨ ਤੋਂ ਫ਼ੌਲਾਦੀ ਜੁਲੱਬੀ ਖਿਚੀ ਗਈ। ਦੋਧਾਰੇ ਖੰਡੇ ਤੇਜ਼ ਚਮਕੇ। ਕਟਣਹਾਰੀ ਸੈਫ਼ ਸਫ਼ਾ ਹੋ ਕੇ ਚਮਕਣ ਲਗੀ। ਤਲਵਾਰ ਤੇ ਤਲਵਾਰ ਪਈ, ਟੁੱਟੀ ਤੇ ਛਣਕ ਛਣਕ ਕਰਕੇ ਆਵਾਜ਼ ਨਿਕਲੀ। ਕਈਆਂ ਦੇ ਗਲੇ ਵਿਚ ਸੰਜੋਅ ਤਲਵਾਰਾਂ ਵਜਣ ਕਾਰਨ ਝਨਕਾਰਾਂ ਪਾਉਣ ਲਗੇ। ਨੇਜ਼ੇ ਚਲੇ ਤੇ ਧੱਕਮ-ਧੱਕੇ ਹੋਣ ਲਗੇ। ਸੂਰਮੇ ਖ਼ੂਨ ਵਿਚ ਰੰਗੇ ਹੋਏ ਇਉਂ ਪ੍ਰਤੀਤ ਹੁੰਦੇ ਸਨ, ਜਿਸ ਤਰ੍ਹਾਂ ਹੋਲੀ ਦੇ ਖਿਡਾਰੀ ਰੰਗ ਖੇਡਦੇ ਹੋਣ :

ਸਰੋਹੀ ਚਲੀ ਬਾਡ ਵਾਰੀ ਹਲੱਬੀ। ਖਿਚੇ ਮਿਆਨ ਤੇਗੇ ਫੌਲਾਦੀ ਜੁਲੱਬੀ।
ਸੁਖੰਡੇ ਦੁਧਾਰੇ ਪ੍ਰਚੰਡੇ ਚਮਕੇ। ਚਲੀ ਸੈਫ਼ ਸਾਫ਼ਨ ਕੱਟਦੀ ਦਮਕੇ।
ਲਗੈ ਖੱਗ ਪੈ ਖੱਗ ਟੁੱਟੇ ਛਨੰਕੇ। ਘਿਰੇ ਮੇ ਸੰਜੋਏ ਇਕ ਤਾਂ ਸੇ ਝਨੰਕੇ।
ਚਲੇ ਸੇਲ ਮੇਲੇ ਭਈ ਰੇਲ ਮੇਲੇ। ਮਨੋ ਰੰਗ ਲੈ ਲੈ ਮਿਲੇ ਫਾਕ ਖੇਲੇ।

—ਗੁ: ਪ: ਰਾਸ ੬, ਅੰਸੂ ੧੩

ਲੜਾਈ ਜੰਮ ਕੇ ਹੋ ਰਹੀ ਸੀ। ਸ਼ਾਹੀ ਫੌਜਾਂ ਦੇ ਦਸਤੇ ਦੇ ਇਂਚਾਰਜ ਸ਼ਮਸ ਖ਼ਾਨ ਦੇ ਪੈਰ ਉਖੜ ਗਏ ਤਾਂ ਮੁਖ਼ਲਿਸ ਖ਼ਾਨ ਨੇ ਅਨਵਰ ਖਾਨ ਨੂੰ ਮਦਦ ਉਤੇ ਭੇਜ ਦਿਤਾ। ਅਨਵਰ ਨੇ ਸ਼ਮਸ ਖ਼ਾਨ ਨੂੰ ਲਲਕਾਰ ਦਿਤੀ ਤੇ ਉਹ ਫਿਰ ਡਟ ਗਿਆ। ਭਾਈ ਭਾਨਾ ਜੀ ਵੀ ਆਪਣੇ ਦਸਤੇ ਦੀ ਮਦਦ ਲਈ ਅਗਾਂਹ ਹੋਏ ਅਤੇ ਗੋਲੀਆਂ ਚਲਾਈਆਂ। ਗੋਲੀ ਸ਼ਮਸ ਖ਼ਾਨ ਦੇ ਘੋੜੇ ਨੂੰ ਲਗੀ। ਸ਼ਮਸ ਖ਼ਾਨ ਪੈਦਲ ਹੋ ਗਿਆ ਤੇ ਭਾਈ ਭਾਨਾ ਜੀ ਨੇ ਵੀ ਘੋੜਾ ਛਡ ਦਿਤਾ। ਦੁਵੱਲੀ ਜੰਗ ਸ਼ੁਰੂ ਹੋ ਗਈ। ਸ਼ਮਸ ਖ਼ਾਨ ਨੇ ਰੋਹ ਵਿਚ ਵਾਰ ਕੀਤਾ ਤੇ ਭਾਈ ਜੀ ਨੇ ਢਾਲ ਤੇ ਸਹਾਰ ਕੇ ਫਿਰ ਵਾਰ ਕੀਤਾ ਤੇ ਸ਼ਮਸ ਖ਼ਾਨ ਦਾ ਸਿਰ ਵੇਲ ਨਾਲ ਲਗੇ ਕੱਦੂ ਦੀ ਤਰ੍ਹਾਂ ਡਿਗ ਕੇ ਜ਼ਮੀਨ ਉਤੇ ਜਾ ਪਿਆ। ਸ਼ਮਸ ਖ਼ਾਨ ਨੂੰ ਡਿਗਦਾ ਦੇਖ ਸ਼ਾਹੀ ਫੌਜਾਂ ਨੇ ਭਾਈ ਭਾਨਾ ਜੀ ਨੂੰ ਘੇਰ ਲਿਆ ਤੇ ਗੋਲੀਆਂ ਦਾ ਨਿਸ਼ਾਨਾ ਬਣਾ ਉਥੇ ਹੀ ਢੇਰੀ ਕਰ ਦਿਤਾ। ਪਿਪਲੀ ਸਾਹਿਬ ਲਾਗੇ ਉਨ੍ਹਾਂ ਦਾ ਸਰੀਰ ਡਿਗਾ। ਜੰਗ ਵਿਚ ਸ਼ਹੀਦ ਹੋਣ ਵਾਲਿਆਂ ਵਿਚ ਉਹ ਪਹਿਲੇ ਸ਼ਹੀਦ ਸਨ।

ਮੁਖ਼ਲਿਸ ਖਾਨ ਨੇ ਸ਼ਮਸ ਖ਼ਾਨ ਬਾਅਦ ਮੁਹੰਮਦ ਅਲੀ ਨੂੰ ਟਾਕਰੇ ਲਈ ਭੇਜਿਆ ਤੇ ਇਧਰੋਂ ਸਿਖ ਫੌਜ ਦੀ ਕਮਾਨ ਭਾਈ ਸਿੰਘਾ ਜੀ ਨੇ ਸੰਭਾਲ ਲਈ। ਮੁਹੰਮਦ ਅਲੀ ਦੇ ਨਾਲ ਸੱਜੇ ਖੱਬੇ ਤਾਹਰ ਬੇਗ ਤੇ ਕਾਲੇ ਖਾਨ ਵੀ ਭੇਜ ਦਿਤੇ ਗਏ। ਇਧਰੋਂ ਸਿੰਘਾ ਜੀ ਤੇ ਭਾਈ ਨਿਹਾਲੂ, ਭਾਈ ਤੋਤਾ, ਭਾਈ ਤ੍ਰਿਲੋਕਾ, ਅਨੰਤਾ ਡੱਟ ਕੇ ਟਾਕਰਾ ਕਰ ਰਹੇ ਸਨ ਤੇ ਫੌਜਾਂ ਨੂੰ ਹਰਿਮੰਦਰ ਸਾਹਿਬ ਵਲ ਵਧਣ ਤੋਂ ਰੋਕ ਰਹੇ ਸਨ। ਮੁਹੰਮਦ ਅਲੀ ਨੇ ਨਿਸ਼ਾਨਾ ਰਖ ਗੋਲੀ ਦਾ ਵਾਰ ਭਾਈ ਸਿੰਘਾ ਉਤੇ ਕੀਤਾ। ਭਾਈ ਸਾਹਿਬ ਘਾਇਲ ਹੋ ਕੇ ਡਿਗ ਪਏ। ਮੁਹੰਮਦ ਅਲੀ ਨੇ ਇਕ ਹੋਰ ਗੋਲੀ ਚਲਾਈ, ਪਰ ਭਾਈ ਸਾਹਿਬ ਨਿਸ਼ਾਨਾ ਬਚਾ ਗਏ। ਸੰਭਲ ਕੇ ਉਠੇ ਤੇ ਤੀਰ ਕਮਾਣ ਨਾਲ ਮੁਹੰਮਦ ਅਲੀ ਨੂੰ ਥਾਂ ਤੇ ਹੀ ਡੇਗ ਲਿਆ। ਭਾਈ ਸਿੰਘਾ ਜੀ ਵੀ ਸ਼ਹੀਦ ਹੋ ਗਏ ਤੇ ਕਮਾਨ ਪੈਂਦੇ ਖ਼ਾਨ ਨੇ ਸੰਭਾਲ ਲਈ। ਪੈਂਦੇ ਖਾਨ ਆਪਣੇ ਦੋਸਤ ਨਾਲ ਇਸ ਤਰ੍ਹਾਂ ਜੁਤਿਆ, ਜਿਵੇਂ ਸ਼ੇਰ ਬਕਰੀਆਂ ਨੂੰ ਚੀਰਦਾ ਹੈ। ਗੁਰੂ ਹਰਿਗੋਬਿੰਦ ਜੀ ਪਿਛੋਂ ਸਾਰੇ ਪ੍ਰਬੰਧ ਕਰ, ਕਿਲ੍ਹਾ ਗੋਬਿੰਦਗੜ੍ਹ ਪੁਜ ਗਏ। ਗੁਰੂ ਜੀ ਦਾ ਕਿਲ੍ਹੇ ਵਿਚ ਆਉਣਾ ਸੁਣ ਕੇ ਮੁਖ਼ਲਿਸ ਖ਼ਾਨ ਨੇ ਕਿਲ੍ਹੇ ਦੀ ਦੀਵਾਰ ਉਤੇ ਭਰਪੂਰ ਹਮਲਾ ਕਰ ਦਿਤਾ। ਗੁਰੂ ਜੀ ਨੇ ਟਾਕਰਾ ਕਰਨ ਲਈ ਸੁੱਕੇ ਹੋਏ ਦਰੱਖ਼ਤ ਨੂੰ, ਜਿਸ ਵਿਚ ਖੋੜ ਸੀ, ਤੋਪ ਬਣਾਉਣ ਲਈ ਆਗਿਆ ਕੀਤੀ। ਖੇਮਕਰਨ ਦੇ ਮੋਹਰੀ ਨਾਂ ਦੇ ਤਰਖਾਣ ਨੇ ਗੁਰੂ-ਆਗਿਆ ਨਾਲ ਪੱਥਰ-ਤੋਪ ਬਣਾ ਦਿਤੀ। ਪੱਥਰਾਂ ਦੀ ਅੰਦਰੋਂ


www.AKJ.Org

ਬਾਰਸ਼ ਹੋਣ ਲਗੀ ਤੇ ਮੁਖ਼ਲਿਸ ਖਾਨ ਦੀਆਂ ਫੌਜਾਂ ਦੇ ਪੈਰ ਉਖੜਨ ਲਗੇ। ਇਕ ਦਸਤਾ ਮੁਖ਼ਲਿਸ ਖਾਨ ਨੇ ਸ਼ਹਿਰ ਵਲ ਭੇਜ ਦਿਤਾ, ਤਾਕਿ ਬਿਬੇਕਸਰ ਵਲੋਂ ਹੱਲਾ ਬੋਲਿਆ ਜਾਏ।

ਮੁਖ਼ਲਿਸ ਨੇ ਦਿਨ ਢਲਦਾ ਦੇਖ ਸਾਰੀਆਂ ਫੌਜਾਂ ਨੂੰ ਇਕ-ਵਾਰਗੀ ਹਮਲਾ ਕਰਨ ਦੀ ਵਿਉਂਤ ਬਣਾ ਲਈ। ਗੁਰੂ ਹਰਿਗੋਬਿੰਦ ਜੀ ਕਿਲ੍ਹੇ ਵਿਚੋਂ ਤੀਰ ਚਲਾ ਰਹੇ ਸਨ ਤੇ ਦੁਸ਼ਮਨ ਦੀਆਂ ਫੌਜਾਂ ਨੂੰ ਹਟਾ ਪਿਛੇ ਭੇਜ ਰਹੇ ਸਨ, ਪਰ ਇਕੱਠੀ ਫੌਜ ਨੇ ਇਕ ਵਾਰੀ ਤਾਂ ਘਬਰਾਹਟ ਫੈਲਾ ਦਿਤੀ। ਪੈਂਦੇ ਖਾਨ ਪਿਪਲੀ ਸਾਹਿਬ ਸੀ ਤੇ ਸਭ ਫੌਜਾਂ ਨੂੰ ਕਿਲ੍ਹੇ ਵਲ ਜਾਂਦਾ ਵੇਖ ਇਸ ਸੋਚ ਵਿਚ ਪੈ ਗਿਆ ਕਿ ਕਿਧਰੇ ਗੁਰੂ ਜੀ ਘਿਰ ਹੀ ਨਾ ਜਾਣ। ਸੋ ਉਹ ਆਪ, ਭਾਈ ਬਿਧੀ ਚੰਦ ਤੇ ਭਾਈ ਸਿੰਘਾ ਦੇ ਪੁੱਤਰ ਜਤੀਮਲ ਸਮੇਤ ਅਗੇ ਵਧਿਆ ਤੇ ਕਿਲ੍ਹੇ ਦੇ ਹੇਠਾਂ ਫੌਜਾਂ ਨੂੰ ਰੋਕ ਲਿਆ। ਭਾਈ ਨੰਦਾ, ਪਿਰਾਗਾ, ਭੀਮਾ ਤੇ ਭੀਖਣ ਨੇ ਦੁਸ਼ਮਨ ਦੀਆਂ ਕਤਾਰਾਂ ਵਿਚ ਤ੍ਰੇੜਾਂ ਪਾ ਦਿਤੀਆਂ। ਫੌਜ ਵਿਚ ਘੁਸ ਜਾਣ ਕਰਕੇ ਆਪਣੇ ਪਰਾਏ ਦੀ ਤਮੀਜ਼ ਹੀ ਮੁਕ ਗਈ। ਰਾਹ ਬਣਦਾ ਦੇਖ ਇਕ ਹੋਰ ਸਿਖਾਂ ਦਾ ਜਥਾ, ਭਾਈ ਅਮੀਰਾ, ਭਾਈ ਮਹਤਾ, ਭਾਈ ਬਾਬਕ, ਪਹਿਲੇ ਜਥੇ ਨਾਲ ਜਾ ਰਲੇ। ਮੁਖ਼ਲਿਸ ਖ਼ਾਨ ਨੇ ਤ੍ਰੇੜ ਪੈਂਦੀ ਦੇਖ ਕੇ ਅਲੀ ਬੇਗ, ਬਹਾਦਰ ਖ਼ਾਨ, ਦੀਦਾਰ ਅਲੀ, ਇਸਮਾਈਲ ਖਾਨ, ਮੇਹਰ ਅਲੀ ਦੇ ਦਸਤਿਆਂ ਨੂੰ ਕਿਲ੍ਹੇ ਦੀ ਦੀਵਾਰ ਵਲ ਭੇਜ ਦਿਤਾ। ਮੁਖ਼ਲਿਸ ਖਾਨ ਦੀਆਂ ਫੌਜਾਂ ਕੋਲ ਜੰਗੀ ਹਥਿਆਰ ਸਨ, ਪਰ ਸਿਖਾਂ ਪਾਸ ਗੁਰੂ-ਵਿਸ਼ਵਾਸ ਤੇ ਨਿਰੋਲ ਜੋਸ਼ ਸੀ ਅਤੇ ਅੰਮ੍ਰਿਤਸਰ ਦੀ ਰੱਖਿਆ ਦਾ ਭਾਰ ਸੀ। ਮੁਗਲ ਫੌਜਾਂ ਜਾਨ ਬਚਾ ਕੇ ਲੜਦੀਆਂ ਸਨ ਤੇ ਸਿਖ ਜਾਨ ਹੂਲ ਕੇ ਲੜਦੇ ਸਨ।

ਇਸੇ ਦੌਰਾਨ ਭਾਈ ਤੋਤਾ, ਭਾਈ ਨਿਹਾਲਾ, ਅਨੰਤਾ ਤੇ ਤਿਲੋਕਾ ਸ਼ਹੀਦੀਆਂ ਪਾ ਗਏ। ਪਰ ਸ਼ਹੀਦ ਹੁੰਦੇ ਹੋਏ ਬਹਾਦਰ ਖਾਨ ਤੇ ਅਲੀ ਬੇਗ ਦੇ ਦਸਤਿਆਂ ਨੂੰ ਪਿਛੇ ਧਕੇਲ ਗਏ। ਮੁਖ਼ਲਿਸ ਖਾਨ ਡਿਗਦੇ ਸਾਥੀਆਂ, ਮਰਦੇ ਫੌਜੀਆਂ ਤੇ ਘਟਦੇ ਦਸਤਿਆਂ ਨੂੰ ਦੇਖ ਹੈਰਾਨ ਹੋ ਰਿਹਾ ਸੀ,ਪਰ ਵੰਗਾਰ ਨਾਲ ਨਾਲ ਪਾਈ ਜਾਂਦਾ ਸੀ। ਉਸ ਵੰਗਾਰ ਪਾਈ, "ਗ਼ਾਜ਼ੀਓ ! ਤੁਸੀਂ ਸੂਰਮਿਆਂ ਦੀ ਔਲਾਦ ਹੋ ਤੇ ਉਧਰ ਫਕੀਰਾਂ ਦਾ ਟੋਲਾ ਹੈ, ਸੋ ਇਕ ਤਕੜਾ ਹੱਲਾ ਬੋਲੋ।" ਕਰੀਮ ਬੇਗ, ਜੰਗ ਬੇਗ ਤੇ ਸਲਾਮਤ ਖਾਨ ਨੇ ਹੱਲਾ ਬੋਲਿਆ। ਉਹ ਕਿਲ੍ਹੇ ਦੀ ਇਕ ਦੀਵਾਰ ਗਿਰਾਉਣ ਵਿਚ ਕਾਮਯਾਬ ਹੋ ਗਏ। ਦੀਵਾਰ ਡਿਗਦੀ ਦੇਖ ਗੁਰੂ ਜੀ ਨੇ ਪ੍ਰੋਹਤ ਸਿੰਘ, ਬਾਬਕ ਰਬਾਬੀ, ਜਮਾਲ ਖਾਨ ਤੇ ਭਾਈ ਭਾਗ ਨੂੰ ਹੁਕਮ ਕੀਤਾ ਕਿ ਗੁਰੂ ਲਹਾਂਮ ਦੇ ਅਸਥਾਨ ਜਾਣ ਤੇ ਉਥੇ ਉਨ੍ਹਾਂ ਨੂੰ ਆਖਣ ਕਿ ਉਹ ਝੁਬਾਲ ਨੂੰ ਚਲ ਪੈਣ। ਜੰਦ ਵਲ ਵੀ ਆਦਮੀ ਭੇਜ ਦਿਤਾ ਕਿ 'ਵੱਲੇ' ਪਿੰਡ ਜਾ ਕੇ ਕਹਿ ਆਉਣ ਕਿ ਜੰਦ ਸਿੱਧੀ ਝੁਬਾਲ ਹੀ ਪੁਜੇ। ਰਾਤ ਪੈ ਜਾਣ ਕਰਕੇ ਜੰਗ ਰੁਕ ਗਈ ਸੀ। ਸਿਖਾਂ ਨੇ ਰਾਤ ਭਰ ਵਿਚ ਦੀਵਾਰ ਦੀ ਉਸਾਰੀ ਕੀਤੀ ਤੇ ਅਗਲੇ ਦਿਨ ਦਾ ਪ੍ਰੋਗਰਾਮ ਬਨਾਉਣ ਲਗੇ। ਜੰਗ ਦੀ ਖ਼ਬਰ ਇਲਾਕੇ ਵਿਚ ਫੈਲ ਗਈ ਤੇ ਕੋਟੋਵਾਲ ਦੇ ਸਭ ਜਵਾਨ, ਜੋ ਹੱਥ ਵਿਚ ਆਇਆ, ਲੈ ਅੰਮ੍ਰਿਤਸਰ ਵਲ ਚਲ ਪਏ। ਉਧਰ ਮੁਖ਼ਲਿਸ ਖਾਨ ਦੀ ਮਦਦ ਉਤੇ ਲਾਹੌਰ ਤੋਂ ਕਲੰਦਰ ਖਾਨ ਦੁੱਰਾਨੀ ਤੇ ਬਹਾਦਰ ਖਾਨ ਪੁਜ ਗਏ।

ਮੁਖ਼ਲਿਸ ਖਾਨ ਆਪ ਛੇਤੀ ਲੜਾਈ ਤੋਂ ਪਲਾ ਛੁਡਾਉਣਾ ਚਾਹੁੰਦਾ ਸੀ। ਉਸ ਨੇ ਗੁਰੂ ਹਰਿਗੋਬਿੰਦ ਜੀ ਨੂੰ ਈਨ ਮੰਨਵਾ ਕੇ, ਛਡ ਜਾਣ ਦੀ ਸੋਚੀ ਤੇ ਇਸੇ ਪ੍ਰਕਾਰ ਦੀ ਇਕ ਚਿਠੀ ਲਿਖੀ। ਉਸ ਲਿਖਿਆ, "ਫ਼ਕੀਰ ਹੁੰਦਿਆਂ ਤੁਹਾਨੂੰ ਲੜਾਈ ਨਹੀਂ ਸੋਭਦੀ, ਸੋ ਭਲਾ ਇਸ ਵਿਚ ਹੈ ਕਿ ਪਿਛਲੀ ਤੇ ਪਛਤਾਉ ਤੇ ਅਗਾਂਹ ਲਈ ਬਚ ਕੇ ਟੁਰੋ।" ਗੁਰੂ ਜੀ ਨੇ ਲਿਖਿਆ, "ਇਹ ਠੀਕ ਹੈ ਕਿ ਅਸੀਂ ਫ਼ਕੀਰ ਹਾਂ, ਮੱਲਾਂ ਨਹੀਂ ਮਾਰਨੀਆਂ, ਪਰ ਕਿਸੇ ਨੂੰ ਅਣਖਾਂ ਵੀ ਨਹੀਂ ਰੋਲਣ ਦੇਣੀਆਂ।"

ਅਗਲਾ ਦਿਨ ਚੜ੍ਹਦਿਆਂ ਹੀ ਨਗਾਰਿਆਂ ਉਤੇ ਚੋਟ ਵਜੀ ਤੇ ਜੰਗ ਦਾ ਬਿਗਲ ਵਜ ਗਿਆ। ਪੈਂਦੇ ਖ਼ਾਨ ਨੇ ਹੀ ਕਮਾਨ ਸੰਭਾਲੀ ਹੋਈ ਸੀ ਤੇ ਗੁਰੂ ਜੀ ਆਪ ਕਿਲ੍ਹੇ ਤੋਂ ਬਾਹਰ ਆ ਫੌਜਾਂ ਦਾ ਹੌਸਲਾ ਵਧਾ ਰਹੇ ਸਨ। ਮੁਖ਼ਲਿਸ ਖਾਨ ਨੇ ਗੁਰੂ ਜੀ ਨੂੰ ਅਗੇ ਵਧਦਾ ਵੇਖ ਵੰਗਾਰਿਆ। ਜਤੀ ਮਲ ਤੇ ਬਿਧੀ ਚੰਦ ਡਟ ਕੇ ਲੜ



www.AKJ.Org

ਰਹੇ ਸਨ। ਬਿਧੀ ਚੰਦ ਨੇ ਸੁਲਤਾਨ ਬੇਗ ਨੂੰ ਜਾ ਲਿਆ। ਸੁਲਤਾਨ ਬੇਗ ਨੇ ਨੇਜ਼ਾ ਮਾਰਿਆ, ਪਰ ਬਿਧੀਚੰਦ ਜੀ ਬਚਾ ਗਏ। ਜਦ ਭਾਈ ਜੀ ਨੇ ਭਰਵਾਂ ਵਾਰ ਕੀਤਾ ਤਾਂ ਉਹ ਪਿੱਠ ਦਿਖਾ ਗਿਆ। ਬਿਧੀ ਚੰਦ ਜੀ ਨੇ ਭਜਦੇ ਨੂੰ ਵੰਗਾਰਿਆ ਤੇ ਉਸ ਮੁੜ ਕੇ ਟਾਕਰਾ ਕੀਤਾ ਤੇ ਕੀਤੇ ਵਾਰ ਨੂੰ ਸਹਾਰ ਗਿਆ, ਪਰ ਬਿਧੀ ਚੰਦ ਜੀ ਨੇ ਉਸ ਸਮੇਂ ਐਸਾ ਤੀਰ ਚਲਾਇਆ ਕਿ ਉਸ ਦੀ ਛਾਤੀ ਵਿਚ ਲਗਾ ਤੇ ਉਹ ਉਥੇ ਹੀ ਡਿਗ ਪਿਆ।

ਪੈਂਦੇ ਖਾਨ ਨੇ ਮੁਖ਼ਲਿਸ ਖਾਨ ਦੇ ਸਾਥੀ ਦੀਦਾਰ ਅਲੀ ਨੂੰ ਮਾਰ ਮੁਕਾਇਆ। ਮੁਖ਼ਲਿਸ ਖਾਨ ਤਾਂ ਨਿਰੋਲ ਗੁਰੂ ਹਰਿਗੋਬਿੰਦ ਜੀ ਨੂੰ ਨਿਸ਼ਾਨਾ ਬਨਾਉਣਾ ਚਾਹੁੰਦਾ ਸੀ। ਸੋ ਉਸ ਨੇ ਗੁਰੂ ਜੀ ਨੂੰ ਸਿੱਧੀ ਦੁਵੱਲੀ ਲੜਾਈ ਲਈ ਵੰਗਾਰਿਆ। ਰਿਵਾਜ ਅਨੁਸਾਰ ਫੌਜਾਂ ਪਿਛੇ ਹਟ ਗਈਆਂ ਅਤੇ ਮੁਖ਼ਲਿਸ ਖਾਨ ਤੇ ਗੁਰੂ ਹਰਿਗੋਬਿੰਦ ਜੀ ਪਿੜ ਵਿਚਕਾਰ ਆ ਗਏ। ਗੁਰੂ ਜੀ ਦੇ ਪਹਿਲੇ ਵਾਰ ਨਾਲ ਹੀ ਤੀਰ ਮੁਖ਼ਲਿਸ ਖਾਨ ਦੇ ਘੋੜੇ ਵਿਚੋਂ ਪਾਰ ਹੋ ਗਿਆ। ਜਦ ਮੁਖ਼ਲਿਸ ਖਾਨ ਦਾ ਘੋੜਾ ਡਿਗਾ ਤਾਂ ਗੁਰੂ ਜੀ ਨੇ ਵੀ ਆਪਣਾ ਘੋੜਾ ਛਡ ਦਿਤਾ ਅਤੇ ਤਲਵਾਰ ਢਾਲ ਦੀ ਲੜਾਈ ਲਈ ਕਿਹਾ। ਮੁਖਲਿਸ ਦੇ ਪਹਿਲੇ ਵਾਰ ਨੂੰ ਗੁਰੂ ਜੀ ਪੈਂਤੜਾ ਬਦਲ ਕੇ ਬਚਾ ਗਏ। ਮੁਸਕਰਾ ਕੇ ਗੁਰੂ ਜੀ ਨੇ ਕਿਹਾ, 'ਇਕ ਹੋਰ'। ਉਸ ਨੇ ਕ੍ਰੋਧ ਵਿਚ ਤਿਖਾ ਵਾਰ ਕੀਤਾ ਤੇ ਗੁਰੂ ਜੀ ਨੇ ਢਾਲ ਉਤੇ ਰੋਕ ਕੇ ਮੁੜਦੇ ਵਾਰ ਲਈ ਵੰਗਾਰਿਆ। ਗੁਰੂ ਜੀ ਨੇ ਖੰਡਾ ਇਤਨੇ ਜ਼ੋਰ ਦੀ ਚਲਾਇਆ ਕਿ ਉਹ ਢਾਲ ਨੂੰ ਚੀਰ, ਸਿਰ ਨੂੰ ਪਾਰ ਕਰ ਕੇ, ਧੜ ਨੂੰ ਦੋਫਾੜ ਕਰ ਗਿਆ। ਮੁਖ਼ਲਿਸ ਖਾਨ ਦਾ ਡਿਗਣਾ ਸੀ ਕਿ ਫ਼ੌਜਾਂ ਭਜ ਉਠੀਆਂ। ਸਿਖ ਫੌਜਾਂ ਨੇ ਕੁਝ ਚਿਰ ਪਿੱਛਾ ਕੀਤਾ, ਪਰ ਗੁਰੂ ਜੀ ਨੇ ਰੋਕ ਕੇ ਕਿਹਾ, 'ਭਜਦਿਆਂ ਦੇ ਪਿਛੇ ਨਹੀਂ ਜਾਣਾ।' ਗੁਰੂ ਜੀ ਜੰਗ ਦੇ ਮੈਦਾਨ ਵਿਚੋਂ ਲੋਹਗੜ੍ਹ ਪੁਜੇ। ਉਥੇ ਚੋਣਵੇਂ ਸਿਖਾਂ ਨੇ ਮੁਗਲਾਂ ਦੀ ਫੌਜ ਦੇ ਦੋ ਦਸਤਿਆਂ ਨੂੰ ਰੋਕਿਆ ਹੋਇਆ ਸੀ। ਗੁਰੂ ਜੀ ਦੇ ਸਿਖਾਂ ਨੂੰ ਜਿੱਤ ਦੇ ਨਗਾਰੇ ਵਜਾਉਂਦੇ ਦੇਖ ਮੁਗਲ ਫੌਜ ਨਸ ਗਈ। ਕਿਲ੍ਹੇ ਅੰਦਰ ਗੁਰੂ ਜੀ ਨੇ ਜਾ ਕੇ ਡਿਠਾ ਕਿ ਭਾਈ ਮੋਹਣ ਤੇ ਗੋਪਾਲਾ ਜੀ ਆਖ਼ਰੀ ਸਾਹ ਲੈ ਰਹੇ ਸਨ। ਗੁਰੂ ਜੀ ਉਨ੍ਹਾਂ ਕੋਲ ਗਏ ਤੇ ਲਹੂ ਆਪਣੇ ਰੁਮਾਲ ਨਾਲ ਪੂੰਝਿਆ। ਜਦ ਕੁਝ ਮੰਗਣ ਲਈ ਕਿਹਾ ਤਾਂ ਉਨ੍ਹਾਂ ਸੂਰਮਿਆਂ ਨੇ ਸਿਰਫ਼ ਇਤਨੀ ਇੱਛਾ ਪ੍ਰਗਟ ਕੀਤੀ ਕਿ ਪ੍ਰਾਣ ਗੁਰੂ ਜੀ ਦੇ ਚਰਨਾਂ ਵਿਚ ਹੀ ਨਿਕਲਣ, ਹੋਰ ਕਿਸੇ ਵਸਤੂ ਦੀ ਲੋੜ ਨਹੀਂ ਹੈ।

ਪ੍ਰਾਣ ਅੰਤ ਜਬ ਹੋਏਂ ਹਮਾਰੇ। ਤਬ ਸਤਿਗੁਰ ਨਿਜ ਨਿਕਟ ਨਿਹਾਰੇ।

ਗੁਰੂ ਹਰਿਗੋਬਿੰਦ ਜੀ ਨੇ ਸਭ ਸ਼ਹੀਦ ਸਿਖਾਂ ਨੂੰ ਇਕੱਠਾ ਕਰ ਕੇ ਸਸਕਾਰ ਕੀਤਾ। ਸਿਖ ਇਤਿਹਾਸ ਨੇ ਉਨ੍ਹਾਂ ਸ਼ਹੀਦਾਂ ਦੀ ਗਿਣਤੀ ਤੇਰ੍ਹਾਂ (੧੩) ਅਤੇ ਪਾਵਨ ਨਾਮ ਇਹ ਲਿਖੇ ਹਨ—

ਭਾਈ ਨੰਦ ਜੀ, ਭਾਈ ਜੈਤ ਜੀ, ਭਾਈ ਪਿਰਾਨਾ, ਭਾਈ ਤੋਤਾ, ਭਾਈ ਤਿਲੋਕਾ, ਭਾਈ ਸਾਈਂ ਦਾਸ, ਭਾਈ ਪੈੜਾ, ਭਾਈ ਭਗਤੂ, ਭਾਈ ਅਨੰਤਾ, ਭਾਈ ਨਿਹਾਲਾ, ਭਾਈ ਤਖਤੂ, ਭਾਈ ਮੋਹਣ ਅਤੇ ਭਾਈ ਗੋਪਾਲ ਜੀ।

—ਪੁਸਤਕ ਜੀਵਨੀ ਗੁਰੂ ਹਰਿਗੋਬਿੰਦ ਜੀ ਵਿਚੋਂ
ਧੰਨਵਾਦ ਸਹਿਤ

---

**ਪਾਠਕਾਂ ਪਾਸ ਬੇਨਤੀ—** (੧)ਚਿਠੀ ਪੱਤਰ ਅਤੇ ਮਨੀਆਰਡਰ ਭੇਜਣ ਦੇ ਨਾਲ ਆਪਣਾ ਚਿਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਆਪ ਦੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਆਪ ਦਾ ਚਿਟ ਨੰਬਰ ਲਿਖਿਆ ਹੁੰਦਾ ਹੈ। (੨) ਪਰਚੇ ਡਾਕਖਾਨੇ ਵਿਚ ਬਹੁਤ ਗੁੰਮ ਕੀਤੇ ਜਾਂਦੇ ਹਨ। ੧੫ ਤਰੀਕ ਤਕ ਉਡੀਕ ਕੇ ਸਾਨੂੰ ਕਾਰਡ ਪਾਓ, ਅਸੀਂ ਹੋਰ ਪਰਚਾ ਭੇਜ ਦਿਆਂਗੇ।



www.AKJ.Org

# ਕੈਨੇਡਾ ਵਿਚ ਸਿੱਖੀ ਜਜ਼ਬਾ

## ਬੈਕੁੰਠ ਧਾਮ ਦਾ ਇਕ ਅਨੋਖਾ ਨਜ਼ਾਰਾ

[ਵਲੋਂ—ਪ੍ਰੋਫੈਸਰ ਕਰਤਾਰ ਸਿੰਘ ਜੀ ਤਾਰ, ਬੰਗਾ]

ਭਾਰਤ ਵਿਚੋਂ ਕੈਨੇਡਾ ਵਿਚ ਜਦੋਂ ਵੀ ਕੋਈ ਸਿਖ ਵਿਜ਼ਿਟਰ ਦੇ ਤੌਰ ਤੇ ਜਾਂਦਾ ਹੈ, ਚਾਹੇ ਉਹ ਕਿਸੇ ਰਿਸ਼ਤੇਦਾਰ ਨੂੰ ਮਿਲਣ ਜਾਏ, ਚਾਹੇ ਸੈਰ ਸਪਾਟੇ ਲਈ ਜਾਂ ਸਕੂਲ ਕਾਲਜ ਲਈ ਉਰਾਹੀ ਵਾਸਤੇ ਉਹ ਐਤਵਾਰ ਨੂੰ ਗੁਰਦੁਆਰੇ ਜ਼ਰੂਰ ਜਾਂਦਾ ਹੈ। ਗੁਰਦੁਆਰਾ ਇਕ ਐਸਾ ਕੇਂਦਰ ਹੈ ਜਿਥੇ ਦੂਰ ਦੂਰ ਤੋਂ ਸਾਕ ਸੰਬੰਧੀ ਦੋਸਤ ਅਤੇ ਵਿਦਿਆਰਥੀ ਪੁਰਾਣੇ ਵਾਕਫਕਾਰ ਟੱਕਰ ਜਾਂਦੇ ਹਨ।

ਵੈਨਕੂਵਰ ਸ਼ਹਿਰ ਵਿਚ ਜਦੋਂ ਮੈਂ ਗਿਆ ਤਾਂ ਮੈਨੂੰ ਦਸਿਆ ਗਿਆ ਕਿ ਏਥੇ ਗੁਰਦੁਆਰੇ ਵਿਚ 'ਕਲੀਨ ਸ਼ੇਵਨ ਪੰਜਾਬੀ' ਬਿਨਾਂ ਸਿਰ ਢਕਿਆਂ ਚਲੇ ਜਾਂਦੇ ਹਨ, ਬੀਬੀਆਂ ਜਿਹਨਾਂ ਨੇ ਵਾਲ ਕਟਾਏ ਹਨ, ਨੰਗੇ ਸਿਰ ਚਲੀਆਂ ਜਾਂਦੀਆ ਹਨ ਅਤੇ ਕਈ ਲੱਤਾਂ ਨਿਸਾਰ ਕੇ ਦੀਵਾਨ ਵਿਚ ਬੈਠ ਜਾਂਦੇ ਹਨ। ਰੌਸ ਸਟਰੀਟ ਵੈਨਕੂਵਰ ਦਾ ਗੁਰਦੁਆਰਾ ਸ਼ਾਇਦ ਸੰਸਾਰ ਭਰ ਦੇ ਗੁਰਦੁਆਰਿਆਂ ਵਿਚੋਂ ਜੋ ਸਭ ਤੋਂ ਵਡੀਆਂ ਇਮਾਰਤਾਂ ਵਾਲੇ ਅਸਥਾਨ ਹਨ, ਉਹਨਾਂ ਵਿਚੋ ਇਕ ਹੈ, ਇਥੇ ਐਤਵਾਰ ਨੂੰ ਬਹੁਤ ਵੱਡਾ ਦੀਵਾਨ ਸਜਦਾ ਹੈ। ਤਕਰੀਬਨ ਹਰ ਐਤਵਾਰ ਹੀ ਕਿਸੇ ਨਾ ਕਿਸੇ ਵਲੋਂ ਅਖੰਡਪਾਠ ਦਾ ਭੋਗ ਪੈਂਦਾ ਹੈ। ਜੋ ਸੱਜਣ ਅਖੰਡਪਾਠ ਕਰਵਾਉਂਦਾ ਹੈ ਉਸ ਵਲੋਂ ਤਿੰਨੇ ਦਿਨ ਗੁਰੂ ਕਾ ਲੰਗਰ ਅਤੁਟ ਚਲਦਾ ਹੈ। ਲੰਗਰ ਵਿਚ ਕਈ ਪ੍ਰਕਾਰ ਦੀਆਂ ਸਬਜ਼ੀਆਂ, ਦਾਲਾਂ, ਖੀਰ, ਕੜਾਹ ਪ੍ਰਸ਼ਾਦ ਆਦਿ ਹੁੰਦੇ ਹਨ ਅਤੇ ਸਟੀਲ ਦੇ ਖ਼ੂਬਸੂਰਤ ਬਰਤਨਾਂ ਵਿਚ ਵਰਤਦਾ ਹੈ। ਇਸ ਗੁਰਦੁਆਰੇ ਵਿਚ ਕਲੀਨ ਸ਼ੇਵਨ ਸਿਖ ਬਹੁਤੇ ਆਉਂਦੇ ਹਨ। ਇਨ੍ਹਾਂ ਲਈ ਬਾਹਰ ਜੋੜੇ ਰੱਖਣ ਵਾਲੀ ਥਾਂ ਤੇ ਸਿਰ ਢਕਣ ਵਾਸਤੇ ਸਫ਼ੈਦ ਰੁਮਾਲ ਰੱਖੇ ਹੋਏ ਹਨ।

ਦੇਖਣ ਵਿਚ ਇਹ ਆਇਆ ਕਿ ਜਿਥੋਂ ਤਕ ਸ਼ਰਧਾ ਦਾ ਸਬੰਧ ਹੈ ਉਹ ਸਾਰਿਆਂ ਵਿਚ ਹੀ ਹੈ, ਪਰ ਜੋ ਸਿਰ ਨਹੀਂ ਢਕਦੇ ਉਹ ਜਾਂ ਤਾਂ ਸਿਖ ਇਤਿਹਾਸ ਅਤੇ ਸਿਖੀ ਵਿਰਸੇ ਤੋਂ ਵਾਕਿਫ਼ ਨਹੀਂ ਅਤੇ ਜਾਂ ਫੇਰ ਪਾਰਟੀਬਾਜ਼ੀ ਵਿਚ ਆ ਕੇ ਜ਼ਿਦ ਪੁਗਾਉਣ ਲਈ ਅਤੇ ਪ੍ਰਬੰਧਕਾਂ ਦੀ ਹੇਠੀ ਲਈ ਉਹਨਾਂ ਦਾ ਕਿਹਾ ਨਹੀਂ ਮੰਨਦੇ। ਪਰ ਸਾਰੇ ਹੀ ਸੱਜਣ ਜੋ ਦੀਵਾਨ ਵਿਚ ਆਉਂਦੇ ਹਨ, ਤਨੋਂ ਮਨੋਂ ਗੁਰਦੁਆਰਾ ਸਾਹਿਬ ਦੀ ਸੇਵਾ ਕਰਦੇ ਹਨ ਅਤੇ ਜਦੋਂ ਵੀ ਕੋਈ ਗੁਰਦੁਆਰਾ ਸਾਹਿਬ ਦਾ ਪ੍ਰਾਜੈਕਟ ਸ਼ੁਰੂ ਹੁੰਦਾ ਹੈ, ਖੁਲ੍ਹੇ ਦਿਲ ਨਾਲ ਡਾਲਰ ਦਿੰਦੇ ਹਨ।

ਦੂਜਾ ਗੁਰਦੁਆਰਾ, ਗੁਰਦੁਆਰਾ ਅਕਾਲੀਆਂ ਹੈ। ਇਥੇ ਪਰਬੰਧ ਸਖ਼ਤ ਹੈ। ਕੁਝ ਰਵਾਇਤ ਇਸ ਤਰ੍ਹਾਂ ਬਣਾਈ ਗਈ ਹੈ ਕਿ ਕੋਈ ਵੀ ਨੰਗੇ ਸਿਰ ਗੁਰਦੁਆਰਾ ਸਾਹਿਬ ਦੇ ਅੰਦਰ ਦਾਖ਼ਲ ਹੋਣ ਦੀ ਜੁਅਰਤ ਨਹੀਂ ਕਰਦਾ। ਇਥੇ ਸੁਬ੍ਹਾ ਸ਼ਾਮ ਰੋਜ਼ਾਨਾ ਦੀਵਾਨ ਸਜਦਾ ਹੈ, ਪਰ ਐਤਵਾਰ ਨੂੰ ਹਾਲ ਖਚਾ-ਖਚ ਭਰਿਆ ਹੁੰਦਾ ਹੈ। ਜੋ ਵੀ ਰਾਗੀ ਢਾਡੀ ਜਥਾ ਭਾਰਤ ਵਿਚੋਂ ਗਿਆ ਹੁੰਦਾ ਹੈ, ਨਿਹਾਲ ਹੋ ਕੇ ਆਉਂਦਾ ਹੈ। ਇਸ ਗੁਰਦੁਆਰੇ ਵਿਚ ਸਮੁੱਚੇ ਤੌਰ ਤੇ ਪੰਥਕ ਮਾਹੌਲ ਹੈ।

(੨)

ਪਰ ਜਿਸ ਪਿਆਰੀ ਯਾਦ ਦਾ ਮੈਂ ਜ਼ਿਕਰ ਕਰਨ ਲਗਾ ਹਾਂ, ਉਹ ਇਹਨਾਂ ਦੋਹਾਂ ਗੁਰਦੁਆਰਿਆਂ ਤੋ ਵੱਖਰੀ ਹੈ। ਮੇਰਾ ਇਕ ਪਿਆਰਾ ਵਿਦਿਆਰਥੀ ਹਰਜੀਤ ਸਿੰਘ ਪਿੰਡ ਝਿੰਗੜਾਂ ਤੋਂ ਅਚਾਨਕ ਇਕ ਦਿਨ ਮਿਲ ਗਿਆ। ਜਦੋਂ ਉਹ ਬੰਗੇ ਕਾਲਜ ਵਿਚ ਪੜ੍ਹਦਾ ਸੀ ਤਾਂ ਇਕ ਅਤਿ ਸਾਧਾਰਨ ਪਤਲਾ ਜਿਹਾ ਘਟ ਬੋਲਣ



www.AKJ.Org

ਵਾਲਾ ਵਿਦਿਆਰਥੀ ਸੀ, ਪਰ ਹੁਣ ਜਦੋਂ ਉਹ ਮੈਨੂੰ ਵੈਨਕੂਵਰ ਵਿਚ ਮਿਲਿਆ ਤਾਂ ਉਚਾ ਲੰਮਾ ਕੱਦ,ਤੇਜੱਸਵੀ ਚਿਹਰਾ, ਅੱਖਾਂ ਵਿਚ ਅਕਹਿ ਚਮਕ, ਕਾਲੀ ਦਸਤਾਰ ਅਤੇ ਪ੍ਰਕਾਸ਼ ਕੀਤਾ ਦਾਹੜਾ, ਕੋਟ ਦੇ ਹੇਠਾਂ ਕਾਲਾ ਗਾਤਰਾ ਦਿਸ ਰਿਹਾ ਸੀ। ਨਾਲ ਉਸਦੀ ਸਿੰਘਣੀ, ਜਿਸ ਨੇ ਸਿਰ ਤੇ ਕੇਸ ਸਜਾ ਕੇ ਕਾਲੀ ਚੁੰਨੀ ਲਈ ਹੋਈ ਸੀ ਅਤੇ ਗਲ ਵਿਚ ਗਾਤਰਾ ਸੀ। ਦੋਵੇਂ ਉਚੀ-ਵਿਦਿਆ ਯੁਕਤ, ਪੂਰਨ ਗੁਰਸਿਖ ਅਤੇ ਬੇਹੱਦ ਮਿਠਾਸ ਅਤੇ ਨਿੰਮ੍ਰਤਾ ਦੇ ਪੁੰਜ ! ਉਹਨਾਂ ਨਾਲ ਕਈ ਦਿਨ ਸ: ਬੁੱਧ ਸਿੰਘ ਢਾਹਾਂ ਹੋਰਾਂ ਦੇ ਘਰ ਅਤੇ ਗੁਰਦੁਆਰਾ ਸਾਹਿਬ ਮੇਲ ਹੁੰਦਾ ਰਿਹਾ। ਇਕ ਦਿਨ ਸ਼ਾਮ ਨੂੰ ਉਹਨਾਂ ਦਾ ਫ਼ੋਨ ਆਇਆ। ਕਹਿਣ ਲਗੇ, "ਇਕ ਬੇਨਤੀ ਜਕਦੇ ਜਕਦੇ ਕਰਨ ਲਗੇ ਹਾਂ ਜੇ ਸਮਾਂ ਕਢ ਸਕੋ।" ਮੈਂ ਕਿਹਾ, "ਦਸੋ !" ਕਹਿਣ ਲਗੇ, "ਅੱਜ ਸ਼ਨਿਚਰਵਾਰ ਹੈ। ਰਾਤ ਨੂੰ ਤਿੰਨ ਵਜੇ ਦਾਸਾਂ ਦੇ ਗ੍ਰਿਹ ਸਤਿਸੰਗ ਸਿਮਰਨ ਅਤੇ ਕੀਰਤਨ ਹੈ, ਜੇ ਆ ਸਕੋ ਤਾਂ ਢਾਈ ਵਜੇ ਤੁਹਾਨੂੰ ਇਕ ਸਿੰਘ ਆ ਕੇ ਲੈ ਜਾਵੇਗਾ।" ਮੈਨੂੰ ਸੁਣ ਕੇ ਬਹੁਤ ਹੀ ਖੁਸ਼ੀ ਹੋਈ ਅਤੇ ਹਾਂ ਕਰ ਦਿਤੀ।

ਸ: ਬੁੱਧ ਸਿੰਘ ਢਾਹਾਂ ਹੋਰੀਂ ਆਪਣੇ ਕੰਮ ਤੇ ਰਾਤ ਨੂੰ ੧੨ ਵਜੇ ਜਾਂਦੇ ਸਨ ਅਤੇ ਦੂਜੇ ਦਿਨ ਸਵੇਰ ੧੦ ਵਜੇ ਵਾਪਸ ਆਉਂਦੇ ਸਨ। ੧੨ ਵਜੇ ਤਕ ਤਾਂ ਉਹਨਾਂ ਨਾਲ ਗੱਲਾਂ ਹੁੰਦੀਆਂ ਰਹੀਆਂ। ਉਹਨਾਂ ਦੇ ਜਾਣ ਤੋਂ ਬਾਅਦ ਇਸ਼ਨਾਨ ਕਰਦਿਆਂ ਅਤੇ ਕੁਝ ਲਿਖਦਿਆਂ ਪੜ੍ਹਦਿਆਂ ਢਾਈ ਵਜੇ ਹੀ ਸਨ, ਇਕ ਗੁਰਮੁਖ ਦੀਦਾਰ ਸਿੰਘ ਨੇ ਘੰਟੀ ਖੜਕਾਈ। ਕਾਰ ਵਿਚ ਅੱਧੇ ਘੰਟੇ ਤੋਂ ਕੁਝ ਘੱਟ ਸਫ਼ਰ ਸੀ। ਉਹ ਗੁਰਮੁਖ ਨੌਜਵਾਨ ਬੜਾ ਅਮੀਰ ਕਾਰੋਬਾਰੀ ਸਿੰਘ ਸੀ ਅਤੇ ਮਿੱਠੀ ਆਵਾਜ਼ ਨਾਲ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ ਅਤੇ ਨਾਲ ਕਾਰ ਚਲਾ ਰਿਹਾ ਸੀ। ਪੰਜਾਬ ਵਿਚ ਇਹ ਸੋਚਦਿਆਂ ਕੁਝ ਅਨੋਖਾ ਲੱਗ ਰਿਹਾ ਹੈ ਕਿ ਰਾਤ ਨੂੰ ਢਾਈ ਵਜੇ ਇਕ ਬਹੁਤ ਕੀਮਤੀ ਕਾਰ ਵਿਚ ਕੈਨੇਡਾ ਵਰਗੇ, ਪੰਜਾਬ ਤੋਂ ਦੂਰ ਦੇਸ਼ ਵਿਚ ਇਕ ਪੰਝੀ ਛੱਬੀ ਸਾਲ ਦਾ ਖ਼ੂਬਸੂਰਤ ਨੌਜਵਾਨ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਹੋਵੇ।

ਜਿਉਂ ਹੀ ਅਸਾਂ ਕਾਰ ਪਾਰ ਕਰ ਕੇ ਦੀਵਾਨ ਵਿਚ ਪੁੱਜੇ, ਇਕ ਬੈਕੁੰਠ ਦਾ ਨਜ਼ਾਰਾ ਅੱਖਾਂ ਸਾਹਮਣੇ ਆ ਗਿਆ। ਡ੍ਰਾਇੰਗ ਰੂਮ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਚੰਦਰਮਾ ਦੀ ਤਰ੍ਹਾਂ ਪ੍ਰਕਾਸ਼ ਸੀ। ਆਲੇ ਦੁਆਲੇ ਚਕੋਰ ਵਾਂਗ ਗੁਰਮੁਖੀ ਦੀਦਾਰੇ, ਉਜਲ ਮਸਤਕ, ਨੂਰਾਨੀ ਪ੍ਰਭਾਵ ਵਾਲੇ ਤੀਹ ਪੈਂਤੀ ਸਿੰਘ ਸਿੰਘਣੀਆਂ ਨੇਤ੍ਰ ਮੁੰਦੀ ਸਜੇ ਹੋਏ ਸਨ। ਰੌਣਕ ਵੀ ਅਤੇ ਅਤਿਅੰਤ ਖਾਮੋਸ਼ੀ ਵੀ। ਚਮਕ ਦਮਕ ਅਤੇ ਨਿਰਾਲੀ ਜਿਹੀ ਸਾਦਗੀ ਦਾ ਸੰਗਮ ਸੀ। ਨੌਜਵਾਨ ਵੀ ਅਤੇ ਬਿਰਧ ਵੀ, ਸਾਰੇ ਹੀ ਪੂਰਨ ਗੁਰਸਿੱਖ, ਦਾਹੜੇ ਪ੍ਰਕਾਸ਼ ਕੀਤੇ ਹੋਏ, ਕਾਲੇ ਗਾਤਰੇ, ਕਾਲੀਆਂ ਦਸਤਾਰਾਂ, ਹੇਠਾਂ ਛੋਟੀ ਕੇਸਰੀ ਦਸਤਾਰ, ਚੌਂਕੜੇ ਮਾਰੇ ਹੋਏ, ਫ਼ਰਿਸ਼ਤੇ ਜਾਪਦੇ ਸਨ।

ਪੂਰੇ ਤਿੰਨ ਵਜੇ ਇਕ ਸਿੰਘ ਨੇ ਬਿਜਲੀ ਦਾ ਬਟਨ ਦਬਾ ਕੇ ਲਾਈਟ ਬੰਦ ਕਰ ਦਿਤੀ ਅਤੇ ਸਿਮਰਨ ਆਰੰਭ ਹੋਇਆ। ਕੋਈ ਅਨਾਉਂਸਮੈਂਟ ਨਹੀਂ। ਬਸ ਬਿਜਲੀ ਬੰਦ ਕਰਨਾ ਹੀ ਸੰਕੇਤ ਸੀ ਕਿ ਸਿਮਰਨ ਸ਼ੁਰੂ ਹੋ ਗਿਆ ਹੈ। ਸਾਰੇ ਸਿੰਘ ਸਿੰਘਣੀਆਂ ਨੇ ਮੂੰਹ ਵਿਚ ਵਾਹਿਗੁਰੂ ਦਾ ਸਿਮਰਨ ਸ਼ੁਰੂ ਕਰ ਦਿਤਾ। ਇਹ ਆਵਾਜ਼ ਪਹਿਲਾਂ ਕੰਠ ਦੇ ਹੇਠਾ ਸੀ, ਹੌਲੀ ਹੌਲੀ ਰਸਨਾ ਤੇ ਆ ਗਈ। ਕੁਝ ਸਮੇਂ ਬਾਅਦ ਤਾਂ ਇਕ-ਰਸ, ਇਕ-ਸੁਰ ਸਾਰੀ ਸੰਗਤ ਦੀ ਮਧੁਰ ਤੇ ਰਲਵੀਂ ਆਵਾਜ਼ ਨਾਲ ਸਿਮਰਨ ਸ਼ੁਰੂ ਹੋ ਗਿਆ। ਮੇਰੇ ਵਰਗੇ ਲਈ ਇਹ ਇਕ ਬਹੁਤ ਹੀ ਖ਼ੂਬਸੂਰਤ ਤਜਰਬਾ ਸੀ ਅਤੇ ਅਕਹਿ ਸੁਆਦ ਸੀ। ਕਦੇ ਇਉਂ ਜਾਪ ਰਿਹਾ ਸੀ ਜਿਵੇਂ ਨਿਕੇ ਨਿਕੇ ਪੰਛੀਆਂ ਦੀ ਚਹਿਕ ਹੋਵੇ, ਕਦੇ ਇਉਂ ਜਾਪਦਾ ਸੀ ਕਿ ਵਿਸ਼ਾਲ ਸਾਗਰ ਦੀਆਂ ਉਠ ਕੇ ਟਕਰਾ ਰਹੀਆਂ ਛੱਲਾਂ ਦੀ ਸ਼ਾਂ ਸ਼ਾਂ ਹੋਵੇ। ਕਦੇ ਇਉਂ ਜਾਪਦਾ ਸੀ ਜਿਵੇਂ ਇਕ ਵਡੇ ਫੁਲ ਦੁਆਲੇ ਭੌਰਿਆਂ ਦੀ ਗੂੰਜ ਹੋਵੇ ਅਤੇ ਕਦੇ ਸਵਰਨ-ਮੰਦਰ ਵਿਚ ਸਾਜ਼ਾਂ ਦੀ ਟੁਣਕਾਰ ਜਾਪਦਾ ਸੀ। ਜਿਸ ਦੇਵ-ਲੋਕ ਦਾ ਕਿਤਾਬਾਂ ਵਿਚ ਲਿਖਾਰੀ ਜ਼ਿਕਰ ਕਰਦੇ ਹਨ, ਪਤਾ ਹੈ ਜਾਂ ਨਹੀਂ, ਪਰ ਇਹ ਅੱਖਾਂ ਸਾਹਵੇਂ ਜੋ ਦ੍ਰਿਸ਼ ਸੀ, ਇਹ ਪ੍ਰਤੱਖ


www.AKJ.Org

ਰੂਪ ਵਿਚ ਦੇਵਤਿਆਂ ਦਾ ਦੇਸ਼ ਸੀ।

ਪੂਰੇ ਚਾਰ ਵਜੇ ਸਿਮਰਨ ਸਮਾਪਤ ਹੋਇਆ ਅਤੇ ਨੁਕਰ ਵਿਚ ਬੈਠੇ ਇਕ ਨੌਜਵਾਨ ਸਿੰਘ ਨੇ ਜਪੁਜੀ ਸਾਹਿਬ ਤੋਂ ਪਾਠ ਸ਼ੁਰੂ ਕੀਤਾ ਅਤੇ ਅਨੰਦ ਸਾਹਿਬ ਤੱਕ ਮਿੱਠੀ ਲੈਅ ਅਤੇ ਸ਼ੁਧ ਉਚਾਰਨ ਨਾਲ ਸੰਪੂਰਨ ਕੀਤਾ। ਸਾਰੀ ਸੰਗਤ ਵਿਸਮਾਦੀ ਅਵਸਥਾ ਵਿਚ ਜੁੜੀ ਹੋਈ ਸੀ। ਨਾ ਏਥੇ ਸੰਸਾਰੀ ਫ਼ਿਕਰ, ਨਾ ਮਾਇਆ ਦਾ ਚੱਕਰ ਤੇ ਨਾ ਹੀ ਮਾਨਸਿਕ ਤਨਾਉ। ਕੇਵਲ ਪਿਆਰ ਅਤੇ ਸ਼ਾਂਤੀ ਦੀ ਸਹਿਜ ਅਵਸਥਾ ਸੀ। ਸੰਗਤ ਵਿਚੋਂ ਕੇਵਲ ਭਰਵੀਂ ਆਵਾਜ਼ ਉਦੋਂ ਆਉਂਦੀ ਸੀ ਜਦੋਂ ਇਕ ਬਾਣੀ ਪੂਰੀ ਹੁੰਦੀ ਸੀ, ਜਿਵੇਂ 'ਜਿਨੀ ਨਾਮੁ ਧਿਆਇਆ' ਜਾਂ 'ਸੁਣਤੇ ਪੁਨੀਤ ਕਹਤੇ ਪਵਿਤੁ'। ਸਾਢੇ ਪੰਜ ਵਜੇ ਪੰਜ ਬਾਣੀਆਂ ਦੀ ਸਮਾਪਤੀ ਤੇ, ਕੀਰਤਨੀ ਸਿੰਘਾਂ ਨੇ ਕੀਰਤਨ ਸ਼ੁਰੂ ਕੀਤਾ। ਸ਼ਾਂਤ ਰਸ ਵਿਚ ਬੇਨਤੀ ਤੇ ਸ਼ੁਕਰਾਨੇ ਦੇ ਅਤੇ ਪ੍ਰਭੂ ਨਾਲ ਜੁੜਨ ਲਈ ਤਰਲੇ ਦੇ ਸ਼ਬਦਾਂ ਦਾ ਕੀਰਤਨ ਹੋਇਆ। ਕੀਰਤਨ ਕਰਨ ਵਾਲੇ ਸਿੰਘ ਭਾਈ ਸਾਹਿਬ ਜੁਗਿੰਦਰ ਸਿੰਘ ਰੀਟਾਇਰਡ ਫੌਜੀ ਸਨ, ਜਿਹਨਾਂ ਦੀ ਪਿਆਰੀ ਆਵਾਜ਼ ਅਤੇ ਸੰਗੀਤ ਵਿਚ ਨਿਪੁੰਨਤਾ ਕਾਰਨ ਸਾਰੇ, ਪਿਆਰ ਨਾਲ ਉਹਨਾਂ ਨੂੰ 'ਮਰਦਾਨਾ ਜੀ' ਕਹਿ ਕੇ ਸੰਬੋਧਨ ਕਰਦੇ ਸਨ। ਸਾਢੇ ਛੇ ਵਜੇ ਕੀਰਤਨ ਦੀ ਸਮਾਪਤੀ ਉਪਰੰਤ ਬੇਹੱਦ ਆਜਜ਼ੀ ਵਿਚ ਅਰਦਾਸ ਕੀਤੀ ਗਈ ਅਤੇ ਕੜਾਹ ਪ੍ਰਸਾਦ ਵਰਤਾਉਣ ਤੋਂ ਬਾਅਦ ਸਾਰੀ ਸੰਗਤ ਨੂੰ ਬਦਾਮਾਂ ਵਾਲਾ ਦੁੱਧ ਛਕਾਇਆ ਗਿਆ।

ਮੇਰਾ ਵਿਦਿਆਰਥੀ ਹਰਜੀਤ ਸਿੰਘ ਕਹਿਣ ਲੱਗਾ, "ਪ੍ਰੋਫੈਸਰ ਜੀ, ਮੁਆਫ਼ ਕਰਨਾ, ਤੁਹਾਨੂੰ ਰਾਤ ਨੂੰ ਸੌਣ ਨਹੀਂ ਦਿਤਾ, ਪਰ ਮੇਰੀ ਰੀਝ ਸੀ ਕਿ ਤੁਸੀਂ ਮੇਰੇ ਘਰ ਆਵੋ।"

ਮੈਂ ਕਿਹਾ, "ਸਿੰਘਾ, ਤੂੰ ਤਾਂ ਮੇਰੇ ਤੇ ਵੱਡਾ ਪਰਉਪਕਾਰ ਕੀਤਾ ਹੈ, ਜੋ ਇਸ ਧਰਤੀ ਤੇ ਸਵਰਗ ਦੇ ਨਜ਼ਾਰੇ ਦਿਖਾ ਦਿਤੇ ਹਨ। ਤੂੰ ਆਪਣੇ ਉਸਤਾਦਾਂ ਕੋਲੋਂ ਕਈ ਮੀਲ ਅਗੇ ਲੰਘ ਗਿਆ ਏਂ ਅਤੇ ਆਪਣਾ ਜੀਵਨ ਸਫਲ ਕਰ ਲਿਆ ਹੈ। ਇਸ ਪਿਆਰੀ ਸੰਗਤ ਦਾ ਅਲੌਕਿਕ ਝੂਟਾ ਪਹਿਲੀ ਵੇਰ ਜ਼ਿੰਦਗੀ ਵਿਚ ਭਰਪੂਰ ਮਾਣਿਆ ਹੈ।"

ਫਤਹ ਗਜਾ ਕੇ ਸਾਰੇ ਸਿੰਘ ਆਪੋ ਆਪਣੀਆਂ ਕਾਰਾਂ ਵਿਚ ਘਰੋ ਘਰੀ ਵਿਦਾ ਹੋਏ। ਮੇਰਾ ਖ਼ਿਆਲ ਸੀ ਕਿ ਐਤਵਾਰ ਦਾ ਦਿਨ ਹੈ, ਹੁਣ ਇਹ ਸਾਰੇ ਘਰ ਜਾ ਕੇ ਸੌਂ ਜਾਣਗੇ। ਕੋਈ ਗਿਆਰਾਂ ਕੁ ਵਜੇ ਜਦੋਂ ਮੈਂ ਗੁਰਦੁਆਰਾ ਅਕਾਲੀਆਂ ਪੁਜਾ ਤਾਂ ਮੇਰਾ ਸ਼ਿਸ਼ ਅਤੇ ਸਿੰਘਣੀ ਲੰਗਰ ਵਿਚ ਬਰਤਨ ਸਾਫ਼ ਕਰ ਰਹੇ ਸਨ, ਸਵੇਰ ਵਾਲੀ ਸੰਗਤ ਵਿਚੋਂ ਦੋ ਵੀਰ ਜੋੜਿਆਂ ਤੇ ਡਿਊਟੀ ਦੇ ਰਹੇ ਸਨ ਅਤੇ ਕਈ ਜਾਣੇ ਪਛਾਣੇ ਚਿਹਰੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਨੇਤਰ ਮੁੰਦੀ ਸਮਾਧੀ ਵਿਚ ਅਡੋਲ ਕੀਰਤਨ ਸਰਵਣ ਕਰ ਰਹੇ ਸਨ।

---


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਰੰਗਲੇ ਸਜਣ (ਨਵੀਂ ਐਡੀਸ਼ਨ) | ੭–੦੦ | ਜੇਲ੍ਹ ਚਿਠੀਆਂ | ੧੫–੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬–੫੦ | ਅਣਡਿਠੀ ਦੁਨੀਆ | ਛਪ ਰਹੀ ਹੈ। |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ? | ੩–੭੫ | ਨਾਮ ਦਾ ਦਾਤਾ ਸਤਿਗੁਰੂ | ੫–੫੦ |
| ਅਨਹਦ ਸ਼ਬਦ ਦਸਮ ਦੁਆਰ | ੬–੦੭ | ਸਚਖੰਡ ਦਰਸ਼ਨ | ੧–੭੫ |
| ਝਟਕਾ ਮਾਸ ਪ੍ਰਥਾਇ ਨਿਰਣਯ | ੪–੦੦ | ਅੰਮ੍ਰਿਤ ਕੀ ਹੈ ? | ੧–੦੦ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦–੯੦ | ਉਮਰ ਕੈਦੀ ਦਾ ਸੁਪਨਾ | ੦–੪੦ |
| ਨਾਮ ਸੰਬੰਧੀ ਵਿਚਾਰ | ੦–੯੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦–੨੫ |
| ਆਸਤਕ ਤੇ ਨਾਸਤਕ | ੦–੩੫ | ਵਾਹਿਗੁਰੂ ਸਿਮਰਨ | ੦–੪੫ |





www.AKJ.Org

# ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

"ਰੰਗਲੇ ਸੱਜਣ" ਪੁਸਤਕ ਵਿਚ "ਸਿਰੀ ਬੀਬੀ ਜੋਗਿੰਦਰ ਕੌਰ ਜੀ" ਦੀ ਜੀਵਨੀ ਚਿਤਰਦਿਆਂ ਭਾਈ ਸਾਹਿਬ ਜੀ ਨੇ 'ਚਮਕੌਰ ਸਾਹਿਬ ਦੇ ਮੋਰਚੇ" ਦਾ ਬਿਆਨ ਆਪਣੀ ਕਲਮ ਨਾਲ ਹੇਠ ਲਿਖੇ ਅਨੁਸਾਰ ਕੀਤਾ ਹੈ। —ਸੰਪਾਦਕ

### ਚਮਕੌਰ ਸਾਹਿਬ ਦਾ ਮੋਰਚਾ—

ਸਾਰਾ ਜਥਾ ਸਿੰਘ ਸਿੰਘਣੀਆਂ ਸਮੇਤ ਸ੍ਰੀ ਚਮਕੌਰ ਸਾਹਿਬ ਦੇ ਸ਼ਹੀਦੀ ਦੀਵਾਨ ਸਮੇਂ ਯਾਤਰਾ ਲਈ ਜਾਇਆ ਕਰਦਾ ਸੀ। ਦੁਰਾਹੇ ਤਾਈਂ ਪੈਦਲ ਜਾਣਾ, ਅਗੇ ਸਵਾਰੀ ਕਉਂਟੇ ਕਿਸ਼ਤੀ ਦੀ ਹੁੰਦੀ ਸੀ ਤੇ ਨਹਿਰ ਦੇ ਰਸਤੇ ਜਾਈਦਾ ਸੀ।

ਚਮਕੌਰ ਸਾਹਿਬ ਦੇ ਸਮਾਗਮ ਵਿਚ ਬੇਅੰਤ ਅਨੰਦ-ਮਈ ਕੌਤਕ ਵਰਤਦੇ ਰਹੇ, ਪਰ ਇਕ ਗੱਲ ਦਾ ਬੜਾ ਘਾਟਾ ਸੀ ਕਿ ਜਦ ਗੁਰਦੁਆਰੇ ਸਾਹਿਬ ਦੀ ਯਾਤਰਾ ਲਈ ਹੱਲਾ ਮਹੱਲਾ ਚੜ੍ਹਨਾ ਤਾਂ ਗੁਰਦਵਾਰਾ ਕਤਲਗੜ੍ਹ ਬੜੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਅਸਥਾਨ ਦੇ ਅੰਦਰ ਉਸ ਸਮੇਂ ਦੇ ਪੁਜਾਰੀਆਂ ਨਿਹੰਗ ਸਿੰਘਾਂ ਨੇ ਨਾ ਜਾਣ ਦੇਣਾ। ਬਾਹਰਲੀ ਪ੍ਰਕਰਮਾ ਕਰ ਕੇ ਹੀ ਮੁੜ ਆਉਣਾ। ਚਾਹੇ ਜਥੇ ਨੂੰ ਰੋਕਣ ਵਾਲਾ ਕੋਈ ਨਹੀਂ ਸੀ, ਬੜੇ ਜੋਸ਼ ਉਠਦੇ ਸਨ, ਪਰੰਤੂ ਭਾਈ (ਬਾਬੂ) ਵੀਰ ਸਿੰਘ ਜੀ ਚਮਕੌਰ ਸਾਹਿਬ ਦੇ ਸਮਾਗਮਾਂ ਦੇ ਕਨਵੀਨਰ ਤੇ ਭਾਈ ਹੀਰਾ ਸਿੰਘ ਜੀ ਰਾਗੀ ਨੇ ਨਿਮਰੀਭੂਤ ਹੋ ਕੇ ਜਥੇ ਨੂੰ ਰੋਕੀ ਰਖਣਾ। ਹਰ ਸਾਲ ਅਸੀਂ ਵਰਜੀਂਦੇ ਰਹੇ, ਹਰ ਸਾਲ ਰੋਕਦੇ ਰਹੇ।

੧੯੧੪ ਦੀ ਚਮਕੌਰ ਸਾਹਿਬ ਦੀ ਯਾਤਰਾ ਦਾ ਰੰਗ ਹੋਰ ਹੀ ਬਦਲ ਗਿਆ। ਸਾਰਾ ਜਥਾ ਜਦ ਨਹਿਰ ਦੇ ਪੁਲ ਉਤੇ ਕਉਂਟੇ ਤੋਂ ਉਤਰਿਆ, ਉਤਰਦਿਆਂ ਨੂੰ ਸੁਆਗਤ ਨੂੰ ਚਮਕੌਰ ਸਾਹਿਬ ਦੇ ਸਾਰੇ ਸਜਣ ਤੇ ਸੰਗਤਾਂ ਆਈਆਂ ਹੋਈਆਂ ਸਨ। ਭਾਈ ਹੀਰਾ ਸਿੰਘ ਜੀ ਤੇ ਭਾਈ (ਬਾਬੂ) ਵੀਰ ਸਿੰਘ ਜੀ ਵੀ ਸਾਥ ਸਨ। ਉਤਰਦਿਆਂ ਨੂੰ ਹੀ ਜੋਸ਼ੀਲੇ ਸਜਣਾਂ ਨੇ ਵਿਚੋਂ ਹੀ ਜਥੇ ਨੂੰ ਸੰਦੇਸ਼ ਸੁਣਾ ਦਿਤਾ ਕਿ ਐਤਕੀ ਪੁਜਾਰੀਆਂ ਨੇ ਸੈਂਕੜੇ ਹੀ ਨਿਹੰਗ ਸਿੰਘਾਂ ਨੂੰ ਬੁਲਾਇਆ ਹੋਇਆ ਹੈ ਤੇ ਉਹ ਫਸਾਦ ਕਰਨ ਨੂੰ ਤਿਆਰ ਹਨ। ਬੀਬੀਆਂ ਦੇ ਇਕ ਜਥੇ ਨੂੰ ਧੱਕੇ ਮਾਰ ਕੇ ਬੜੀ ਬੇਇਜ਼ਤੀ ਨਾਲ ਬਾਹਰ ਕਢ ਦਿਤਾ ਸੀ।

"ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥"* ਦੇ ਗੁਰਵਾਕ ਦੇ ਭਾਵ ਅਨੁਸਾਰ ਸਾਰੇ ਜਥੇ ਦੇ ਸਿੰਘਾਂ ਸਿੰਘਣੀਆਂ ਨੂੰ ਬੀਰ ਰਸ ਭਰੇ ਜੋਸ਼ ਉਮਡ ਉਠੇ। ਬੀਰ ਰਸ ਨਾਲ ਸੰਧੂਰੇ ਹੋਏ ਹਿਰਦੇ ਉਥੇ ਹੀ ਕੀਰਤਨ ਕਰਨ ਵਿਚ ਜੁਟ ਗਏ ਅਤੇ ਚਲਣ ਤੋਂ ਪਹਿਲਾਂ ਵੰਗਾਰ ਕੇ ਸੁਣਾ ਦਿਤਾ ਸੀ ਕਿ ਅੰਦਰਲੀ ਪ੍ਰਕਰਮਾ ਦੀ ਯਾਤਰਾ ਕਰਨੋਂ ਕੋਈ ਤਾਕਤ ਨਹੀਂ ਰੋਕ ਸਕੇਗੀ। ਇਹ ਵੰਗਾਰ ਸੁਣ ਕੇ ਬਲਦੀ ਤੇ ਪਾਣੀ ਛਿੜਕਣ ਵਾਲੇ ਸਰੇਸ਼ਟ ਜਨ ਭੀ ਠਠੰਬਰ ਗਏ। ਕਿਸੇ ਦੀ ਹਿੰਮਤ ਨਾ ਪਈ ਰੋਕਣ ਦੀ, ਬਲਕਿ ਭਾਈ ਹੀਰਾ ਸਿੰਘ ਜੀ ਭੀ ਆਖਣ ਲਗੇ ਕਿ ਹੁਣ ਇਨ੍ਹਾਂ ਨੂੰ ਕੋਈ ਨਹੀਂ ਰੋਕ ਸਕਦਾ।

ਸਾਰਾ ਜਥਾ ਕੀਰਤਨ ਕਰਦਾ ਸਿੱਧਾ ਹੀ ਕਤਲਗੜ੍ਹ ਸਾਹਿਬ ਦੀ ਯਾਤਰਾ ਨੂੰ ਤੁਰ ਪਿਆ। ਹਜ਼ਾਰਾਂ ਹੀ ਸਿਖ ਸੰਗਤਾਂ ਮਗਰ ਲਗੀਆਂ ਹੋਈਆਂ। ਸਾਡੀ ਸ਼ੇਰ-ਦਿਲ ਬੱਚੀ ਬੀਬੀ ਜੋਗਿੰਦਰ ਕੌਰ ਹੱਥ ਵਿਚ ਤੀਰ ਲੈ ਕੇ ਸਭ ਜਥੇ ਦੀ ਅਗਵਾਈ ਕਰਦੀ ਸੀ। ਐਵੇਂ ਚਮਕਾਰੇ ਮਾਤਰ ਜੋ ਉਨ੍ਹਾਂ ਦੇ ਝਲਕਾਰੇ ਦਾ ਨਜ਼ਾਰਾ ਦੇਖਿਆ, ਉਹ ਝਲਿਆ ਨਾ ਗਿਆ। ਗੱਲ ਕੀ, ਇਕ ਉਮਡੇ ਹੋਏ ਦਰਿਆ ਦੀ ਨਿਆਈਂ

* ਬਚਿਤ੍ਰ ਨਾਟਕ, ਅਧਿ: ੮, ਅੰਕ ੩੧



www.AKJ.Org

ਸਾਰੀਆਂ ਫ਼ੌਜਾਂ ਕੀਰਤਨ ਕਰਦੀਆਂ ਗੁਰਦੁਆਰੇ ਦੇ ਨਿਕਟ ਪਹੁੰਚੀਆਂ। ਏਥੇ ਹੋਰ ਭੀ ਹਜ਼ਾਰਾਂ ਸੰਗਤਾਂ ਨਾਲ ਰਲ ਗਈਆਂ। ਅਗੇ ਨਿਹੰਗ ਸਿੰਘਾਂ ਦੇ ਪਹਿਰੇ ਲਗੇ ਹੋਏ । ਲੰਮੇ ਲੰਮੇ ਤੀਰ ਤੇ ਨੰਗੀਆਂ ਸਿਰੀ ਸਾਹਿਬਾਂ ਉਨ੍ਹਾਂ ਦੇ ਹੱਥੀਂ ਫੜੀਆਂ ਹੋਈਆਂ। ਪਾਪੀਆਂ ਦੇ ਹਿਰਦੇ ਵਿਚ ਪਾਪ ਸਮਾ ਚੁਕੇ ਸਨ। ਫੋਕੀਆਂ ਟਾਹਰਾਂ ਹੀ ਮਾਰਦੇ ਸਨ ਕਿ ਅਸੀਂ ਅੰਦਰ ਯਾਤਰਾ ਕਰਨ ਨਹੀਂ ਜਾਣ ਦੇਣਾ।

ਪਰ ਪ੍ਰੇਮ-ਉਤਸ਼ਾਹ ਦੇ ਹੜ੍ਹਾਂ ਆਇਆਂ ਨੂੰ ਕੌਣ ਰੋਕੇ। ਵਾਜੇ ਨਾਲ ਕੀਰਤਨ ਹੋ ਰਿਹਾ ਸੀ। ਅਵਾਜ਼ ਆਈ, ਕੀਰਤਨ ਕਰਦੇ ਅੰਦਰ ਚਲੋ । ਇਕ ਮਨਚਲੇ ਬੜੀ ਡੀਲ ਡੌਲ ਵਾਲੇ ਨਿਹੰਗ ਸਿੰਘ ਨੇ ਦਾਸ ਦੀ ਗਰਦਨ ਵਲ ਤੀਰ ਚਲਾਇਆ। ਗੁਰੂ ਦੀ ਨੇਤ ਐਸੀ ਹੋਈ ਕਿ ਉਹ ਤੀਰ ਨਹੀਂ ਲਗਿਆ। ਮੇਰੇ ਨਾਲ ਹੀ ਭਾਈ ਸੁਰਜਨ ਸਿੰਘ ਨੇ ਹੱਥ ਨਾਲ ਬੋਚ ਲਿਆ। ਤੀਰ ਦੀ ਮੁਖੀ ਉਨ੍ਹਾਂ ਦੇ ਹੱਥਾਂ ਵਿਚ ਲਗ ਲਹੂ-ਲੁਹਾਨ ਕਰ ਗਈ। ਅ ਮ ਦੇਖਣ ਵਾਲਿਆਂ ਨੂੰ ਇਹੋ ਪਤੀਤ ਹੋਵੇ ਕਿ ਖੂਨ ਹੋ ਗਿਆ ਹੈ। ਨਿਹੰਗ ਸਿੰਘ ਭੀ ਤਹਿਕ ਗਏ ਕਿ ਸਾਥੋਂ ਖ਼ੂਨ ਹੋ ਗਿਆ ਹੈ। ਖ਼ੂਨ ਹੋਇਆ ਨਹੀਂ ਸੀ, ਖ਼ੂਨ ਵਗਿਆ ਸੀ।

ਇਸ ਨੌਬਤ ਨੂੰ ਦੇਖ ਕੇ ਬੀਬੀ ਜੋਗਿੰਦਰ ਕੌਰ ਸ਼ੇਰਨੀ ਵਾਂਗ ਕੁਦ ਕੇ ਅਗੇ ਗਈ ਅਤੇ ਉਸ ਰਿਸ਼ਟ ਪੁਸ਼ਟ ਨਿਹੰਗ ਤੋਂ ਤੀਰ ਖੋਹ ਲਿਆ। ਵੰਗਾਰ ਕੇ ਆਖਿਆ, 'ਦੁਸ਼ਟਾ ! ਤੈਨੂੰ ਗੁਰਦੁਆਰਾ ਸਾਹਿਬ ਦਾ ਭੈ ਨਹੀਂ, ਸੰਗਤ ਦਾ ਭੈ ਨਹੀਂ, ਜੋ ਵੀਰਾਂ ਤੇ ਤੀਰ ਚਲਾ ਰਹੇ ਹੋ।'' ਇਸ ਦਲੇਰ ਬੱਚੀ ਦੀ ਦਲੇਰਾਨਾ ਨਜ਼ੀਰ ਦੇਖ ਕੇ ਸਾਰੇ ਸਿੰਘ, ਪੁਜਾਰੀਆਂ ਉਤੇ ਜਾ ਪਏ ਅਤੇ ਧੱਕੇ ਮਾਰ ਕੇ ਬਾਹਰ ਕਢ ਦਿਤਾ। ਅਸੀਂ ਕੀਰਤਨ ਕਰਦੇ ਕਰਦੇ ਅੰਦਰ ਪਹੁੰਚ ਗਏ। ਨਿਹੰਗ ਸਿੰਘ ਸਭ ਭਜ ਗਏ । ਉਨ੍ਹਾਂ ਦੇ ਸ਼ਸਤ੍ਰ ਬਸਤ੍ਰ ਜਥੇ ਦੇ ਕਾਬੂ ਵਿਚ ਰਹੇ। ਅਸੀਂ ਕੀਰਤਨ ਕਰਦਿਆਂ ਪ੍ਰਕਰਮਾ ਕੀਤੀ ਅੰਦਰਲੀ ਵੀ ਤੇ ਬਾਹਰਲੀ ਵੀ। ਸਮਾਗਮ ਦਾ ਸਮਾਂ ਹੋ ਗਿਆ ਸੀ। ਸਨਮੁਖ ਖਲੋ ਕੇ ਕੀਰਤਨ ਕਰਨ ਲਈ ਜਥਾ ਜੁਟ ਗਿਆ। ਬੀਬੀ ਜੋਗਿੰਦਰ ਕੌਰ ਜੀ ਨੇ ਪ੍ਰੇਮ-ਪ੍ਰਾਇਣ ਹੋ ਕੇ ਅਰ ਬੜੀ ਸੂਰਬੀਰਤਾ ਨਾਲ ਬੇਨਤੀ ਕੀਤੀ ਕਿ ਅੱਜ ਸਾਰੀ ਚੌਪਈ ਦਾ ਕੀਰਤਨ ਕੀਤਾ ਜਾਵੇ । ਸਾਰੀ ਚੌਪਈ ਦਾ ਕੀਰਤਨ ਹੀ ਹੋਇਆ, ਬੜੇ ਅਗਾਧ ਬੋਧ ਅਨੰਦ ਦੇ ਛਾਂਦੇ ਛਕੇ। ਮਗਨ ਅਨੰਦ ਹੋ ਕੇ ਸਾਰੇ ਜਥੇ ਨੇ ਉਥੇ ਹੀ ਕੀਰਤਨ ਕੀਤਾ।

ਓਧਰ ਪੁਜਾਰੀਆਂ ਤੇ ਨਿਹੰਗ ਸਿੰਘਾਂ ਨੇ ਭਾਜੜ ਖਾ ਕੇ ਰੋਪੜ ਅੰਬਾਲੇ ਆਦਿ ਵਡੇ ਅਫਸਰਾਂ ਨੂੰ ਤਾਰਾਂ ਦੇ ਦਿਤੀਆਂ ਕਿ ਏਥੇ ਡਾਕੂ ਆ ਪਏ, ਸਾਡੀ ਸੰਭਾਲ ਕਰੋ। ਇਹ ਸੁਣ ਕੇ ਅਸੀਂ ਤਾਰਾਂ ਦੀ ਕੋਈ ਪਰਵਾਹ ਨਾ ਕੀਤੀ। ਬੜੀ ਪ੍ਰਸੰਨਤਾ ਨਾਲ ਪਹਿਲੀ ਯਾਤਰਾ ਅੰਦਰਲੀ ਪ੍ਰਕਰਮਾ ਦੀ ਖ਼ੂਬ ਰੰਗਾਂ ਵਿਚ ਹੋਈ। ਪ੍ਰਬੰਧਕ ਜਨ ਬੜੇ ਕੰਪਾਇਮਾਨ ਹੋਏ। ਕਤਲਗੜ੍ਹ ਸਾਹਿਬ ਗੁਰਦੁਆਰੇ ਦੀ ਚਰਨ-ਰਜ ਵਿਚ ਸ੍ਰੀ ਆਸਾ ਦੀ ਵਾਰ ਦਾ ਸਮਾਗਮ ਸਜ ਗਿਆ ਅੰਮ੍ਰਿਤ ਵੇਲੇ।

ਜਿਸ ਵੇਲੇ ਕੀਰਤਨ ਦਾ ਭੋਗ ਅਜੇ ਪਿਆ ਨਹੀਂ ਸੀ, ਗਿਆਰਾਂ ਵਜੇ ਦੇ ਕਰੀਬ ਸੰਗੀਨਾਂ ਬਦੂਕਾਂ ਵਾਲੀਆਂ ਪੁਲਿਸ ਦੀਆਂ ਗਾਰਦਾਂ ਰੋਪੜ ਤੋਂ ਆ ਚੜ੍ਹੀਆਂ। ਉਨ੍ਹਾਂ ਦਾ ਇਂਚਾਰਜ ਗੋਰਾ ਕੈਪਟਨ, ਇਕ ਇੰਸਪੈਕਟਰ ਮੁਸਲਮਾਨ, ਇਕ ਸਮਾਜੀ ਮੈਜਿਸਟ੍ਰੇਟ ਨਾਲ, ਸਮਾਗਮਾਂ ਦੇ ਲਾਗੇ ਸਕੂਲ ਵਿਚ ਜਾ ਉਤਰੇ। ਉਥੇ ਸੰਦੇਸ਼ ਆਇਆ ਕਿ ਸਾਹਿਬ ਭਾਈ ਰਣਧੀਰ ਸਿੰਘ ਨੂੰ ਬੁਲਾਉਂਦੇ ਹਨ। ਸਾਡੇ ਮੁਖੋਂ ਨਿਕਲਿਆ, ਕੋਈ ਸਤ੍ਹਾ ਸਾਹਿਬ ਹੈ ਨਹੀਂ ਸਿਵਾਇ ਗੁਰੂ ਗੋਬਿੰਦ ਸਿੰਘ ਜੀ ਦੇ। ਉਸੇ ਵੇਲੇ ਬੀਬੀ ਜੋਗਿੰਦਰ ਕੌਰ ਬੋਲੀ, "ਇਨ੍ਹਾਂ ਕੱਚੇ ਪਿੱਲੇ ਸੜੇ ਸਾਹਿਬਾਂ ਪਾਸ, ਸਿੰਘ ਨੂੰ ਜਾਣ ਦੀ ਕੋਈ ਲੋੜ ਨਹੀਂ ।''

ਆਸਾ ਦੀ ਵਾਰ ਦਾ ਭੋਗ ਪਿਆ। ਏਸੇ ਸਮੇਂ ਚਮਕੌਰ ਸਾਹਿਬ ਦੇ ਕਮਜ਼ੋਰ-ਦਿਲ ਰਈਸ ਤੇ ਚੌਧਰੀ ਸਕੂਲੇ ਜਾ ਹਾਜ਼ਰ ਹੋਏ। ਉਥੇ ਸਫਾਈ ਦਾ ਮੇਜਰ-ਨਾਮਾ ਬਨਾਣ ਲਗੇ। ਉਨ੍ਹਾਂ ਮੇਜਰਨਾਮਾ ਬਣਾ ਲਿਆ ਸੀ। ਦਸਖ਼ਤ ਕਰਾਉਣ ਲਗੇ ਸਨ ਕਿ ਇਸ ਪਾਸਿਓਂ ਕਛ ਪ੍ਰਤਿਸ਼ਟਤ ਸਜਣ ਚਮਕੌਰ ਸਾਹਿਬ ਦੇ ਨਿਵਾਸੀ ਤੇ ਬਹਿਲੋਲਪੁਰ ਵਾਲੇ ਸਰਦਾਰ ਦਸਖ਼ਤ ਕਰਨ



www.AKJ.Org

ਲਗੇ ਤਾਂ ਇਕ ਦਿਲ-ਚਲੇ ਸਿਖ ਵਕੀਲ ਨੇ ਵੰਗਾਰ ਕੇ ਸਰਕਾਰੀ ਅਫਸਰਾਂ ਨੂੰ ਆਖਿਆ, "ਇਨ੍ਹਾਂ ਦੇ ਦਸਖ਼ਤਾਂ ਨੂੰ ਕਿਸ ਨੇ ਪੁਛਣਾ ਹੈ, ਝਗੜਾ ਤਾਂ ਬਾਹਰੋਂ ਆਈਆਂ ਸੰਗਤਾਂ ਦਾ ਹੈ। ਉਨ੍ਹਾਂ ਨੂੰ ਸਹਿਮਤ ਕੀਤੇ ਬਗ਼ੈਰ ਤੁਹਾਡਾ ਕੋਈ ਫੈਸਲਾ ਨਹੀਂ ਹੋ ਸਕਦਾ।"

ਦੀਵਾਨ ਦਾ ਭੋਗ ਪੈ ਚੁਕਾ ਸੀ। ਜਥੇ ਦੇ ਸਿੰਘਾਂ ਨੂੰ ਪਤਾ ਲਗਾ। ਇਹ ਸਮਝ ਕੇ ਕਿ ਕੋਈ ਕੱਚਾ ਪਿੱਲਾ ਫੈਸਲਾ ਨਾ ਕਰਾ ਦੇਣ, ਅਸੀਂ ਆਤਮਿਕ ਰੰਗਾਂ ਵਿਚ ਹੀ ਹਲੂਣੇ ਲੈਂਦੇ ਜਦ ਸਕੂਲ ਦੇ ਹਾਤੇ ਵਿਚ ਜਾ ਵੜੇ, ਜਾਂਦਿਆਂ ਹੀ ਜੈਕਾਰਾ ਗਜਾਇਆ, ਤਾਂ ਗੋਰਾ ਤੇ ਸਣੇ ਅਫਸਰਾਂ ਦੇ ਸਭ ਖੜੇ ਹੋ ਗਏ। ਸਾਨੂੰ ਬੈਠਣ ਲਈ ਕੁਰਸੀਆਂ ਪੇਸ਼ ਕੀਤੀਆਂ ਗਈਆਂ। ਓਧਰ ਨਜ਼ਰ ਮਾਰ ਕੇ ਅਸੀਂ ਦੇਖਿਆ, ਸਾਰੇ ਨਿਹੰਗ ਸਿੰਘਾਂ ਦਾ ਜਥਾ ਬਣਿਆ ਤਣਿਆ ਭੁੰਜੇ ਬੈਠਾ ਰੁਲੇ। ਸਾਥੋਂ ਇਹ ਬੇਅਦਬੀ ਸਹਾਰੀ ਨਾ ਗਈ। ਅਸੀਂ ਆਖਿਆ, "ਬੜੀ ਸ਼ਰਮ ਦੀ ਗੱਲ ਹੈ, ਗੁਰੂ ਘਰ ਦੀਆਂ ਲਾਡਲੀਆਂ ਫੌਜਾਂ ਤਾਂ ਭੁੰਜੇ ਰੁਲਣ, ਅਸੀਂ ਕਿਸ ਮੂੰਹ ਨਾਲ ਕੁਰਸੀਆਂ ਤੇ ਬੈਠੀਏ।" ਅਸੀਂ ਨਿਹੰਗ ਸਿੰਘਾਂ ਨੂੰ ਆਖਿਆ, "ਤੁਸੀਂ ਆਪਣੀ ਇਸ ਜ਼ਿੱਲਤ ਨੂੰ ਮਹਿਸੂਸ ਨਹੀਂ ਕਰਦੇ ?" ਸਾਡੇ ਇਸ ਤਰ੍ਹਾਂ ਕਹਿਣ ਤੇ ਸਭਨਾਂ ਨੂੰ ਬੈਂਚਾਂ ਤੇ ਬਿਠਾ ਦਿਤਾ।

ਗੋਰੇ ਕਪਤਾਨ ਨੇ ਬੜੀ ਹਲੇਮੀ ਨਾਲ ਦਾਸ ਨੂੰ ਆਖਿਆ, "ਇਹ ਸਮਝੌਤੇ ਦਾ ਮੇਜਰਨਾਮਾ ਹੈ, ਇਸ ਉਤੇ ਦਸਖਤ ਕਰ ਦਿਓ।" ਅਸੀਂ ਆਖਿਆ "ਪਹਿਲਾਂ ਪੜ੍ਹ ਕੇ ਸੁਣਾਓ।" ਪੜ੍ਹ ਕੇ ਸੁਣਾਇਆ ਤਾਂ ਉਹਦੇ ਵਿਚ ਇਹ ਲਿਖਿਆ ਹੋਇਆ ਸੀ, ਇਲਾਕੇ ਦੀਆਂ ਤੇ ਬਾਹਰਲੀਆਂ ਸੰਗਤਾਂ ਸਭ ਹੋਲਾ ਮਹੱਲਾ ਕਢਣਗੀਆਂ ਤੇ ਯਾਤਰਾ ਕਰਨਗੀਆਂ, ਪਰ ਗੁਰ-ਦੁਆਰੇ ਕਤਲਗੜ੍ਹ ਦੀ ਬਾਹਰਲੀ ਯਾਤਰਾ ਹੀ ਖੁਲ੍ਹੀ ਹੋ ਸਕੇਗੀ, ਅੰਦਰਲੀ ਪ੍ਰਕਰਮਾ ਕਰਨ ਲਈ ਇਕ ਇਕ ਸਿੰਘ ਜਾਵੇਗਾ। ਪਰੰਤੂ ਜਿਸ ਸਿੰਘ ਤੇ ਇਹ ਸ਼ੱਕ ਕੀਤਾ ਜਾਏਗਾ ਕਿ ਇਹ ਚੂਹੜਾ ਹੈ, ਉਸ ਨੂੰ ਅੰਦਰ ਨਹੀਂ ਜਾਣ ਦਿਤਾ ਜਾਏਗਾ। ਇਹ ਗੱਲ ਸੁਣਨਸਾਰ ਹੀ ਉਹ ਮੇਜਰਨਾਮਾ ਉਸ ਦੇ ਹੱਥੋਂ ਖੋਹ ਕੇ ਮੈਂ ਪਾੜ ਸੁਟਿਆ ਤੇ ਪੈਰਾਂ ਹੇਠ ਮੱਲ ਦਿਤਾ। ਗੋਰਾ ਕਪਤਾਨ ਘਬਰਾ ਕੇ ਕਹਿਣ ਲਗਾ, "ਯੇਹ ਕਿਆ ?" ਮੈਂ ਉਤਰ ਦਿਤਾ, "ਤੁਸੀਂ ਫ਼ਸਾਦ ਕਰਾਉਣ ਆਏ ਹੋ ਕਿ ਮਿਟਾਉਣ ਆਏ ਹੋ ?" ਉਸ ਨੇ ਆਖਿਆ ਕਿ ਅਸੀਂ ਤਾਂ ਮਿਟਾਉਣ ਲਈ ਆਏ ਹਾਂ।

ਅਸਾਂ ਉਸ ਨੂੰ ਯਕੀਨ ਦਿਵਾ ਦਿਤਾ ਕਿ ਪਿਛਲਾ ਫਿਕਰਾ ਤਾਂ ਫ਼ਸਾਦ ਦਾ ਘਰ ਹੈ, ਕਿਉਂਕਿ ਸ਼ਰਾਰਤੀ ਬੇਅਣਖੇ ਐਵੇਂ ਕਿਸੇ ਵਲ ਇਸ਼ਾਰਾ ਕਰਾ ਦੇਣਗੇ ਕਿ ਇਹ ਚੂਹੜਾ ਹੈ ਤਾਂ ਕੌਣ ਇਸ ਗੱਲ ਨੂੰ ਬਰਦਾਸ਼ਤ ਕਰੇਗਾ। ਅਸਲ ਅੰਤਰੀਵੀ ਸ਼ਰਾਰਤ ਦਾ ਤੁਹਾਨੂੰ ਪਤਾ ਹੀ ਨਹੀਂ। ਉਸ ਦੇ ਪੁਛਣ ਤੇ ਅਸੀਂ ਆਖਿਆ, "ਅਬ ਪਤਾ ਲਗ ਜਾਤਾ ਹੈ।" ਮੈਂ ਉਸੇ ਗੋਰੇ ਕਪਤਾਨ ਨੂੰ ਆਖਿਆ, ਮਲੂਮ ਹੁੰਦਾ ਹੈ ਕਿ ਤੂੰ ਬਿਲਕੁਲ ਨਵਾਂ ਅਫਸਰ ਹੈਂ, ਤੈਨੂੰ ਏਥੇ ਦੇ ਹਾਲਾਤ ਦਾ ਪਤਾ ਨਹੀਂ। ਤੇਰੇ ਮਾਤਹਿਤ ਅਫਸਰ ਹੀ ਫ਼ਸਾਦ ਕਰਵਾ ਕੇ ਤੇਰੇ ਸਿਰ ਮੜ੍ਹ ਦੇਣਗੇ। ਉਹ ਗੋਰਾ ਜੋਸ਼ ਵਿਚ ਕੁਝ ਬੋਲਣ ਲਗਾ ਸੀ, ਪਰ ਮੈਂ ਆਖਿਆ, "ਠਹਿਰੀਏ।"

ਸਮਾਜੀ ਮੈਜਿਸਟ੍ਰੇਟ ਨੂੰ ਮੈਂ ਪੁਛਿਆ, "ਆਪ ਦਾ ਮਜ਼ਹਬ ਕੀ ਹੈ ?" ਉਸ ਨੇ ਆਖਿਆ, "ਮੈਂ ਆਰੀਆ ਸਮਾਜੀ ਹਾਂ।" ਮੈਂ ਕਿਹਾ, "ਆਰੀਆ ਸਮਾਜੀ ਜੋ ਸ਼ੁਧੀ ਕਰਦੇ ਹਨ, ਉਸ ਤੋਂ ਸ਼ੁਧ ਕੀਤੇ ਚੂਹੜੇ ਚਮਾਰ ਆਦਿਕ ਤੁਹਾਡੇ ਮੰਦਰਾਂ ਵਿਚ ਖੁਲ੍ਹੇ ਆ ਜਾ ਸਕਦੇ ਹਨ ਕਿ ਨਹੀਂ ?"

ਮੈਜਿਸਟ੍ਰੇਟ—ਹਾਂ ਜੀ, ਖੁਲ੍ਹੇ ਆ ਜਾ ਸਕਦੇ ਹਨ।

ਫੇਰ ਮੁਸਲਮਾਨ ਅਫਸਰ ਨੂੰ ਪੁਛਿਆ, "ਤੁਹਾਡਾ ਮਜ਼ਹਬ ਕੀ ਹੈ ?"

ਇਨਸਪੈਕਟਰ—ਮੁਸਲਮਾਨ।

ਮੈਂ—ਆਪ ਜਿਨ੍ਹਾਂ ਨੂੰ ਕਲਮਾ ਪੜ੍ਹਾਉਂਦੇ ਹੋ, ਉਥੇ ਚੂਹੜੇ ਚਮਾਰ ਦਾ ਵਿਤਕਰਾ ਰਖਦੇ ਹੋ ? ਤੇ ਚੂਹੜੇ ਚਮਾਰ ਕਲਮਾ ਪੜ੍ਹ ਕੇ ਮਸਜਿਸ ਵਿਚ ਜਾ ਸਕਦੇ ਹਨ ?

ਇਨਸਪੈਕਟਰ—ਹਾਂ, ਜਾ ਸਕਦੇ ਹਨ।

ਗੋਰੇ ਨੂੰ ਪੁਛਿਆ, ਤੁਹਾਡਾ ਮਜ਼ਹਬ ਕੀ ਹੈ ?



www.AKJ.Org

ਗੋਰਾ––ਈਸਾਈ।

ਮੈਂ––ਜਦ ਤੁਸੀਂ ਬੈਪਟਾਈਜ਼ ਕਰਦੇ ਹੋ, ਅਰਥਾਤ ਬਿਪਤਸਮਾ ਦਿੰਦੇ ਹੋ, ਤਾਂ ਕੀ ਤੁਸੀਂ ਜਾਤ ਪਾਤ ਦਾ ਖਿਆਲ ਰਖਦੇ ਹੋ ?

ਗੋਰਾ––ਨਹੀਂ।

"ਏਸੇ ਤਰ੍ਹਾਂ ਸਾਡਾ ਅੰਮ੍ਰਿਤ ਹਜ਼ਾਰ ਗੁਣਾ ਪਵਿਤਰ ਕਰਨ ਦੀ ਸ਼ਕਤੀ ਰਖਦਾ ਹੈ।"

ਗੋਰੇ ਕਪਤਾਨ ਦੀਆਂ ਅੱਖਾਂ ਖੁਲ੍ਹ ਗਈਆਂ।

ਸਮਾਜੀ ਅਫਸਰ ਨੇ ਕਪਤਾਨ ਨੂੰ ਇਹ ਪੱਟੀ ਪੜ੍ਹਾਈ ਕਿ ਇਹ ਪੁਜਾਰੀਆਂ ਦੀ ਜਾਇਦਾਦ ਹੈ, ਇਸ ਵਿਚ ਕੋਈ ਦਖ਼ਲ ਨਹੀਂ ਹੋ ਸਕਦਾ। ਇਸ ਉਤੇ ਫਿਰ ਬਹਿਸ ਹੋਈ। ਮੈਂ ਫਿਰ ਪ੍ਰੋਟੈਸਟ ਕੀਤਾ। ਅਸੀਂ ਜਵਾਬ ਦਿਤਾ ਕਿ ਮਹੱਲਾ ਨਿਕਲੇਗਾ ਤੇ ਜਿਹੜਾ ਫ਼ਸਾਦ ਕਰੇਗਾ ਉਸ ਨੂੰ ਪਕੜੋ।

ਜਦੋਂ ਸੰਗਤਾਂ ਨੂੰ ਸਾਰੀ ਗੱਲ ਦਸੀ ਤਾਂ ਕਮਜ਼ੋਰ ਪਰਬੰਧਕ ਤਾਂ ਕੰਬਣ ਲਗੇ, ਪਰ ਸੰਗਤਾਂ ਵਿਚ ਬੜਾ ਜੋਸ਼ ਆਇਆ। ਓੜਕ ਮਾਸਟਰ ਚੰਦਾ ਸਿੰਘ ਦੇ ਫ਼ੈਸਲੇ ਅਨੁਸਾਰ ਗਿਆਰਾਂ ਸਜਣਾਂ ਦੀ ਚੋਣ ਹੋਈ। ਉਨ੍ਹਾਂ ਦਾ ਫ਼ੈਸਲਾ ਅਟੱਲ ਮੰਨਿਆ ਜਾਵੇ। ਇਹ ਗੜ੍ਹੀ ਸਾਹਿਬ ਜਾ ਕੇ ਗੁਰਮਤਾ ਕਰਨ ਲਗੇ। ਉਨ੍ਹਾਂ ਨੇ ਪਰਬੰਧਕਾਂ ਨਾਲ ਫ਼ੈਸਲਾ ਕੀਤਾ ਕਿ ਐਤਕੀ ਸਾਲ ਜਾਣ ਦਿਓ, ਅਗਲੇ ਸਾਲ ਪਰਬੰਧ ਕਰਾਂਗੇ। ਇਸੇ ਸਮੇਂ ਬਾਬੂ ਵੀਰ ਸਿੰਘ ਹੁਰਾਂ ਦਾ ਭਰਾਤਾ ਹੇਠੋਂ ਆਇਆ ਅਤੇ ਕਹਿਣ ਲਗਾ, ਤੁਸੀਂ ਗ਼ਿਘਰਦੀ ਕਲਾ ਵਿਚ ਕਿਉਂ ਜਾਂਦੇ ਹੋ। ਮੈਂ ਹੁਣੇ ਹੀ ਸਕੂਲੋਂ ਆਇਆ ਹਾਂ, ਅਫਸਰ ਬਹੁਤ ਹੀ ਘਾਬਰੇ ਹੋਏ ਹਨ। ਉਹਨਾਂ ਨੇ ਗੁਰਦੁਆਰੇ ਦੇ ਮੁਹਤਮਿਮ ਸਰਦਾਰ ਨੂੰ ਬੁਲਾ ਭੇਜਿਆ ਹੈ। ਅਸੀਂ ਪਲੀਡਰ ਸਾਹਿਬ ਨੂੰ ਆਖਿਆ ਕਿ ਉਸ ਸਰਦਾਰ ਨੂੰ ਪਹਿਲਾਂ ਸਾਡੇ ਪਾਸ ਲਿਆਓ। ਉਹਨਾਂ ਨੇ ਸਰਦਾਰ ਨੂੰ ਸਹੀ ਬਿਆਨ ਦੇਣ ਲਈ ਪ੍ਰੇਰਨਾ ਕੀਤੀ। ਉਹ ਸਰਦਾਰ, ਸਾਹਿਬ ਪਾਸ ਗਿਆ ਤਾਂ ਸਾਹਿਬ ਨੇ ਪੁਛਿਆ ਕਿ ਗੁਰਦੁਆਰਾ ਕਿਸ ਕਾ ?

ਸਰਦਾਰ–ਪੰਥ ਕਾ। ਸਾਹਿਬ–ਆਪ ਕੌਨ ਹੋ ?

ਸਰਦਾਰ–ਮੈਂ ਪੰਥ ਕਾ ਸੇਵਾਦਾਰ ਹੂੰ।

ਗੋਰਾ–ਯੇਹ ਪੁਜਾਰੀ ਕੌਨ ਹੈਂ ?

ਸਰਦਾਰ–ਇਹ ਮੇਰੇ ਨੌਕਰ ਹਨ ?

ਫ਼ੈਸਲਾ ਸੰਗਤ ਦੇ ਹੱਕ ਵਿਚ ਹੋ ਗਿਆ। ਗੋਰਾ ਭੀ ਹੋਲੇ ਮਹੱਲੇ ਵਿਚ ਸ਼ਾਮਲ ਹੋਇਆ। ਬੜੀ ਸਜ ਧਜ ਨਾਲ ਮਹੱਲਾ ਨਿਕਲਿਆ।

ਇਹ ਗੁਰਦੁਆਰਿਆਂ ਉਤੇ ਪਹਿਲੀ ਪੰਥਕ ਕਬਜ਼ੇ ਦੀ ਫ਼ਤਹ ਸੀ ਤੇ ਗੁਰਦੁਆਰਾ ਸੁਧਾਰ ਲਹਿਰ ਦੀ ਪਹਿਲੀ ਘਟਨਾ ਸੀ।

---

# ਚੰਡੀਗੜ੍ਹ ਵਿਖੇ ਗੁਰਦਵਾਰਾ ਸਾਹਿਬ ਦੀ ਬੇਹੁਰਮਤੀ

## ਨਿਸ਼ਾਨ ਸਾਹਿਬ ਪੁਟ ਦਿਤਾ–ਬੀੜੀਆਂ ਸੁਟੀਆਂ–ਹਿੰਦੂ ਸੰਮਤੀ ਦਾ ਹਮਲਾ

ਚੰਡੀਗੜ੍ਹ ੨੮ ਮਈ–(ਸ. ਰ.) ਇਥੋਂ ਦੇ ਸੈਕਟਰ ੭ ਵਿਚ ਨਿਹੰਗਾਂ ਦੇ ਗੁਰਦਵਾਰੇ ਦੀ ਚੰਡੀਗੜ੍ਹ ਤੇ ਪਟਿਆਲਾ ਦੇ ਹਿੰਦੂ ਸੁਰਖਿਆ ਸੰਮਤੀ ਦੇ ਵਰਕਰਾਂ ਵਲੋਂ ਬੇਹੁਰਮਤੀ ਕੀਤੇ ਜਾਣ ਦੀ ਸੂਚਨਾ ਮਿਲੀ ਹੈ, ਜਦੋਂ ਕਿ ਪੁਲਸ ਦੀ ਮੌਜੂਦਗੀ ਵਿਚ ਗੁਰਦਵਾਰਾ ਸਾਹਿਬ ਦਾ ਨਿਸ਼ਾਨ ਸਾਹਿਬ ਉਖਾੜ ਦਿਤਾ ਗਿਆ ਤੇ ਦਰਬਾਰ ਸਾਹਿਬ ਦੇ ਪ੍ਰਕਾਸ਼ ਅਸਥਾਨ ਵਾਲੇ ਕਮਰੇ ਤੇ ਵੀ ਬੀੜੀਆਂ ਸੁਟਣ ਦੀ ਕੋਝੀ ਹਰਕਤ ਕੀਤੀ ਗਈ। ਹਿੰਦੂ ਸੁਰਖਿਆ ਸੰਮਤੀ ਵਾਲੇ ਸ਼ਿਵ-ਸ਼ਕਤੀ ਦਾ ਜਾਪ ਕਰੇਂਗੇ, ਆਪਣੀ ਰਖਸ਼ਾ ਆਪ ਕਰੇਂਗੇ' ਦੇ ਭੜਕਾਊ ਨਾਅਰੇ ਲਾ ਰਹੇ ਸਨ। ਚੇਤੇ ਰਹੇ ਇਹ ਝਗੜਾ ੬ ਮਹੀਨੇ ਪਹਿਲਾਂ ਉਦੋਂ ਸ਼ੁਰੂ ਹੋਇਆ ਸੀ ਜਦੋਂ ਇਸ ਗੁਰਦਵਾਰੇ ਦੇ ਮਹੰਤ ਬਾਬਾ ਰਘਬੀਰ ਸਿੰਘ ਨੇ ਅੰਮ੍ਰਿਤ ਛਕ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿਤਾ। ਹਿੰਦੂਆਂ ਨੇ ਇਸ ਦਾ ਵਿਰੋਧ ਕੀਤਾ ਤ ਕਲ੍ਹ ਗੁਰਦਵਾਰੇ ਦੇ ਨਾਲ ਹੀ ਅਯੋਗ ਤੋਰ ਤੇ ਮੰਦਰ ਦੀ ਉਸਾਰੀ ਸ਼ੁਰੂ ਕਰ ਦਿਤੀ। ਪੁਲਿਸ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ, ਪਰ ਉਸ ਨੇ ਕੋਈ ਕਾਰਵਾਈ ਨਾ ਕੀਤੀ, ਉਲਟਾ ੫ ਨਿਹੰਗ ਸਿਘਾਂ ਨੂੰ ਧਾਰਾ ੧੦੭/੧੫੧ ਅਧੀਨ ਗ੍ਰਿਫਤਾਰ ਕਰ ਲਿਆ ਗਿਆ। ਹਿੰਦੂ ਸੁਰਖਿਆ ਸੰਮਤੀ ਦੇ ਵਰਕਰ ਗੁਰਦਵਾਰੇ ਦੇ ਸਿੰਘਾਂ ਦਾ ਸਮਾਨ ਬਾਹਰ ਸੁਟਦੇ ਰਹੇ,ਪਰ ਪੁਲਿਸ ਨੇ ਉਨ੍ਹਾਂ ਨੂੰ ਨਾ ਰੋਕਿਆ। ਪਿਛੋਂ ਸੈਕਟਰ ੭ ਦੇ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਬੰਧਕ ਨਿਹੰਗਾਂ ਦੀ ਗੈਰਹਾਜ਼ਰੀ ਵਿਚ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਹੋਣ ਦੇ ਡਰੋਂ ਬੀੜ ਨੂੰ ਸੈਕਟਰ ੭ ਦੇ ਗੁਰਦਵਾਰੇ ਵਿਚ ਲੈ ਗਏ। ਲੋਕਲ ਅਕਾਲੀ ਦਲ ਦੇ ਪ੍ਰਧਾਨ ਸ: ਅੰਗਰੇਜ਼ ਸਿੰਘ ਨੇ ਦੋਸ਼ ਲਾਇਆ ਕਿ ਪ੍ਰਸ਼ਾਸਨ ਵਲੋਂ ਫਿਰਕੂਆਂ ਨੂੰ ਸ਼ਹਿ ਦਿਤੀ ਜਾ ਰਹੀ ਹੈ, ਜਦੋਂ ਕਿ ਮੰਦਰ ਦੀ ਉਸਾਰੀ ਦਾ ਕੋਈ ਵਿਰੋਧ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਚਿਤਾਵਨੀ ਦਿਤੀ ਕਿ ਜੇ ਕੋਈ ਕਾਰਵਾਈ ਨਾਂ ਹੋਈ ਤਾਂ [illegible] ਕਾਰਵਾਈ ਕਰਨਗੇ। —ਅਜੀਤ, ੨੯-੫-੮੩

www.AKJ.Org

# ਸੱਚ ਦੀ ਜਿਤ

ਸ: ਹਰੀ ਸਿੰਘ ਇਨਸਪੈਕਟਰ ਪੁਲੀਸ ਰੀ:
(ਪੀ. ਏ. ਪੀ.) ਲਖੂਵਾਲ, ਅਜਨਾਲਾ,

ਇਹ ਅਕਤੂਬਰ ੧੯੫੪ ਦੀ ਗੱਲ ਹੈ। ਓਦੋਂ ਮੈਂ ਬਾਰਡਰ-ਪੁਲਿਸ ਵਿਚ ਇੰਸ-ਪੈਕਟਰ ਸਾਂ, ਅੰਮ੍ਰਿਤਸਰ ਬਾਰਡਰ ਦਾ ਇੰਚਾਰਜ ਸਾਂ ਤੇ ਅਟਾਰੀ ਮੇਰਾ ਹੈਡ ਕੁਆਰਟਰ ਸੀ। ਪਿੰਡ ਬਰਲਾਸ ਵਿਚ ਪੁਲੀਸ ਦੀ ਇਕ ਪਿਕਟ ਦੀ ਇਨਸਪੈਕਸ਼ਨ ਲਈ ਗਿਆ। ਕੁਝ ਰਾਏ ਸਿਖ ਮੇਰੇ ਕੋਲ ਆਏ ਤੇ ਕਹਿਣ ਲਗੇ 'ਸੂਰ ਸਾਡੀਆਂ ਫ਼ਸਲਾਂ ਦਾ ਬਹੁਤ ਨੁਕਸਾਨ ਕਰ ਦਿੰਦੇ ਹਨ, ਸਾਨੂੰ ਸ਼ਿਕਾਰ ਦੀ ਆਗਿਆ ਦਿਤੀ ਜਾਏ ਤਾਂ ਜੁ ਸੂਰ ਮਾਰ ਸਕੀਏ।' ਪਹਿਲਾਂ ਤਾਂ ਮੈਂ ਸ਼ਿਕਾਰ ਦੀ ਆਗਿਆ ਨਾ ਦਿਤੀ, ਪਰ ਰਾਏ ਸਿੱਖਾਂ ਦੇ ਮੁੜ ਮੁੜ ਮੰਗ ਕਰਨ ਤੇ ਮੈਂ ਇਸ ਸ਼ਰਤ ਤੇ ਇਜਾਜ਼ਤ ਦੇ ਦਿਤੀ ਕਿ 'ਕੋਈ ਭੀ ਦਰਿਆ ਪਾਰ ਨਹੀਂ ਜਾ ਸਕੇਗਾ ਤੇ ਨਾ ਹੀ ਕੋਈ ਗੋਲੀ ਚਲਾਏਗਾ। ਸੋਟਿਆਂ ਨਾਲ ਸੂਰ ਮਾਰ ਲਓ।' ਮੈਂ ਵਾਪਸ ਹੈੱਡ ਕੁਆਰਟਰ ਅਟਾਰੀ ਆ ਗਿਆ। ਰਾਤ ਦੇ ਗਿਆਰਾਂ ਵਜੇ ਮੈਨੂੰ ਵਾਇਰਲੈਸ ਤੋਂ ਖ਼ਬਰ ਆਈ ਕਿ ਪਾਕਿ-ਸਤਾਨੀ ਪੁਲੀਸ ਨੇ ੨੨ ਰਾਏ ਸਿਖਾਂ ਨੂੰ ਪਕੜ ਲਿਆ ਹੈ। ਮੈਂ ਫ਼ੌਰਨ ਜੀਪ ਤੇ ਜਾ ਕੇ ਬਰਲਾਸ ਪੁੱਜਾ। ਪਤਾ ਲੱਗਾ ਕਿ ਰਾਏ ਸਿੱਖ ਸ਼ਿਕਾਰ ਖੇਡਦੇ ਖੇਡਦੇ ਦਰਿਆ ਪਾਰ ਚਲੇ ਗਏ, ਉਹਨਾਂ ਵਿੱਚੋਂ ੨੨ ਤਾਂ ਪਾਕਿਸਤਾਨੀ ਪੁਲੀਸ ਨੇ ਪਕੜ ਲਏ ਤੇ ਬਾਕੀ ਭੱਜ ਆਏ। ਮੈਂ ਪਾਕਿ-ਸਤਾਨ ਦੀ ਬਾਰਡਰ-ਪੁਲੀਸ ਨਾਲ ਗੱਲ ਬਾਤ ਕਰਨ ਚਲਾ ਗਿਆ। ਪਤਾ ਲਗਾ ਕਿ ਜੋ ੨੨ ਆਦਮੀ ਪਕੜੇ ਗਏ ਸਨ ਉਹ ਸ਼ੇਖੂਪੁਰੇ ਭੇਜ ਦਿਤੇ ਗਏ ਹਨ। ਮੇਰੀ ਗ਼ੈਰ-ਹਾਜ਼ਰੀ ਵਿਚ ਡਿਪਟੀ ਸੁਪ੍ਰਿੰਟੈਂਡੈਂਟ ਨੇ ਆ ਕੇ ਸਿਪਾਹੀਆਂ ਤੇ ਆਮ ਲੋਕਾਂ ਕੋਲੋਂ ਬਿਆਨ ਲਏ, ਜੋ ਕਿ ਵਧੇਰੇ ਕਰਕੇ ਮੇਰੇ ਵਿਰੁਧ ਹੀ ਜਾਂਦੇ ਸਨ। ਜਦ ਮੈਂ ਵਾਪਸ ਆਇਆ ਤਾਂ ਮੈਨੂੰ ਬਿਆਨ ਦੇਣ ਲਈ ਕਿਹਾ ਗਿਆ। ਮੈਂ ਕੇਵਲ ਇਹੋ ਗੱਲ ਕਹਿ ਕੇ ਬਿਆਨ ਖ਼ਤਮ ਕਰ ਦਿਤਾ ਕਿ ਰਾਏ ਸਿੱਖਾਂ ਨੂੰ ਸ਼ਿਕਾਰ ਖੇਡਣ ਲਈ ਮੈਂ ਆਗਿਆ ਦਿਤੀ ਸੀ। ਡੀ. ਐਸ. ਪੀ. ਨੇ ਮੈਨੂੰ ਕਿਹਾ : ਸੋਚ ਲਓ ਇਹ ਬਿਆਨ ਤੁਹਾਡੇ ਖ਼ਿਲਾਫ਼ ਜਾਏਗਾ। ਮੈਨੂੰ ਇਸ ਗੱਲੋਂ ਮੁਕਰ ਜਾਣ ਦਾ ਵੀ ਇਸ਼ਾਰਾ ਕੀਤਾ, ਪਰ ਮੈਂ ਜੋ ਬਿਆਨ ਦਿਤਾ ਸੀ ਉਸ ਤੇ ਕਾਇਮ ਰਿਹਾ। ਡੀ. ਐਸ. ਪੀ. ਨੇ ਆਖਿਆ ਕਿ ਸਰਦਾਰ ਜੀ, ਨੁਕਸਾਨ ਉਠਾਓਗੇ। ਮੈਂ ਉੱਤਰ ਦਿਤਾ ਕਿ ਮੈਂ ਤਾਂ ਸੱਚ ਹੀ ਕਹਿਣਾ ਹੈ। ਮੇਰੇ ਬਿਆਨ ਲਿਖੇ ਗਏ ਤੇ ਡੀ. ਐਸ. ਪੀ. ਹੋਰੀਂ ਚਲੇ ਗਏ।

ਅੱਧੀ ਰਾਤ ਵੇਲੇ ਮੈਂ ਮੰਜੇ ਤੇ ਪਲਸੇਟੀਆਂ ਲੈ ਰਿਹਾ ਸਾਂ। ਨੀਂਦ ਨਹੀਂ ਸੀ ਆਉਂਦੀ। ਫ਼ਿਕਰ ਵਿਚ ਸਾਂ ਕਿ ਸਾਡੇ ਜੋ ੨੨ ਆਦਮੀ ਪਕੜੇ ਗਏ ਹਨ, ਉਹਨਾਂ ਦਾ ਕੀ ਹੋਵੇਗਾ? ਕੀ ਇਹ ਮੇਰੇ ਕਰਕੇ ਹੋਇਆ ਹੈ, ਮੈਂ ਜੁ ਸ਼ਿਕਾਰ ਦੀ ਆਗਿਆ ਦੇ ਦਿਤੀ ਸੀ? ਭਾਵੇਂ ਸੋਚਾਂ ਵਿਚ ਸਾਂ, ਪਰ ਮੇਰੀ ਪਲ ਭਰ ਲਈ ਅੱਖ ਲਗ ਹੀ ਗਈ। ਅਚਾਨਕ ਮੇਰੇ ਕੰਨਾਂ ਵਿਚ ਆਵਾਜ਼ ਆਈ, "ਤੈਨੂੰ ਕੁਝ ਨਹੀਂ ਹੁੰਦਾ! ਤੈਨੂੰ ਕੁਝ ਨਹੀਂ ਹੁੰਦਾ!" ਆਵਾਜ਼ ਉਚੀ ਹੁੰਦੀ ਗਈ। ਮੇਰੀ ਅੱਖ ਖੁਲ੍ਹੀ, ਮੈਂ ਅਜੇ ਵੀ ਇਹ ਆਵਾਜ਼ ਸੁਣ ਰਿਹਾ ਸਾਂ। ਇਉਂ ਜਾਪਿਆ ਕਿ ਆਵਾਜ਼ ਦਰਿਆ ਰਾਵੀ ਵਲ ਤੁਰੀ ਜਾ ਰਹੀ ਹੈ। ਮੈਂ 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ' ਕਿਹਾ ਤੇ ਫ਼ਿਕਰਾਂ ਵਿਚੋਂ ਨਿਕਲ ਕੇ ਚੜ੍ਹਦੀ ਕਲਾ ਮਹਿਸੂਸ ਕਰਨ ਲਗ ਪਿਆ। ਉਠਿਆ, ਇਸ਼ਨਾਨ ਕੀਤਾ, ਨਿਤਨੇਮ ਤੇ ਸੁਖਮਨੀ ਦਾ ਪਾਠ ਕੀਤਾ।

ਦਿਨ ਚੜ੍ਹਦੇ ਹੀ ਡੀ. ਆਈ. ਜੀ. ਤਫ਼ਤੀਸ਼ ਲਈ ਆ ਗਿਆ। ਗਾਰਦ ਨੇ*



www.AKJ.Org

# ਸੁਖਾਂ ਵਿਚ ਸਿੱਖੀ ਮੁਰਝਾ ਜਾਵੇ

[ਸ: ਜੈਮਲ ਸਿੰਘ ਜੀ 'ਹਮਦਰਦ', ਇੰਦੌਰ-੨]

ਚਿੰਤਾ ਕਰੇ ਜੋ ਸੁਖਾਂ ਦੇ ਮਾਣਨੇ ਦੀ, ਨੇੜੇ ਉਸ ਦੇ ਕਦੇ ਨਾ ਸੁਖ ਆਵੇ।
ਅਗੇ ਸੁਖ ਨਸਦੇ ਪਿਛੇ ਉਹ ਨਸਦਾ, ਨਸ ਭਜ ਥੱਕ ਜਾਵੇ ਪਰ ਨਾ ਹੱਥ ਆਵੇ।
ਦੁਖ ਦਾਰੂ ਤੇ ਸੁਖ ਹੈ ਰੋਗ ਭਾਰਾ, ਬਾਣੀ ਗੁਰੂ ਦੀ ਇਹ ਸਿਖ-ਮਤ ਸਿਖਾਵੇ।
ਜਨਮ ਲਿਆ ਜਿਸ ਦੁਖਾਂ ਦੀ ਖਾਣ ਵਿਚੋਂ, ਨੀਂਦਰ ਸੁਖਾਂ ਦੀ ਓਸ ਨੂੰ ਕਿਵੇਂ ਆਵੇ।
ਆਲੂ ਵਾਂਗ ਉਬਲੇ ਦੇਗ ਉਬਲਦੀ ਵਿਚ, ਔਪਰ ਮੁਖ ਤੋਂ ਕਦੀ ਨਾ ਸੀ ਅਲਾਵੇ।
ਚਲੇ ਸੀਸ ਤੇ ਆਰਾ ਮੂੰਹ ਚੋਂ ਜਪੁ ਉਚਰੇ, ਮਤੀਦਾਸ ਜੀ ਜਪੁਜੀ ਪੜ੍ਹੀ ਜਾਵੇ।
ਤਾਰੂ ਸਿੰਘ ਜੀ ਖੋਪਰ ਉਤਰਾਇ ਸਿਰ ਦਾ, ਜੜ੍ਹ ਜ਼ੁਲਮ ਦੀ ਉਹ ਉਖੜਾਈ ਜਾਵੇ।
ਬੰਦ ਬੰਦ ਕਟਿਆ ਫਿਰ ਵੀ ਡੋਲਿਆ ਨਾ, ਮਨੀ ਸਿੰਘ ਜੀ ਮੁਖੋਂ ਜਸ ਗੁਰੂ ਗਾਵੇ।
ਬੰਦਾ ਸਿੰਘ ਬਹਾਦਰ ਜੋ ਵੀਰ ਜੋਧਾ, ਮਾਸ ਨਾਲ ਜੰਬੂਰਾਂ ਨੁਚਵਾਈ ਜਾਵੇ।
ਟੋਟੇ ਬੱਚਿਆਂ ਦੇ ਹੋਏ ਪਵਾਏ ਝੋਲੀ, ਪੀਸਣ ਵਾਸਤੇ ਸਵਾ ਮਣ ਕਣਕ ਆਵੇ।
ਖੰਨੀ ਰੋਟੀ ਤੇ ਪੀਣ ਨੂੰ ਪਾਣੀ ਵੀ ਨਹੀਂ, ਖ਼ਾਨ ਜ਼ਕਰੀਆ ਪੂਰੀ ਪੂਰੀ ਵਾਹ ਲਾਵੇ।
ਜਦੋਂ ਸਿਦਕੋਂ ਪਾਪੀ ਨ ਡੁਲਾ ਸਕਿਆ, ਮੁੱਲ ਸਿਖ ਦੇ ਸਿਰ ਦਾ 'ਅੱਸੀ' ਪਾਵੇ।
ਹੱਸ ਹੱਸ ਕੇ ਚੁੰਮਦਾ ਸਿੱਖ ਸੂਲੀ, ਗਲਵਕੜੀ ਮੌਤ ਨੂੰ ਇਹ ਪਿਆ ਪਾਵੇ।
ਸੇਵਾ ਸਿਮਰਨ ਤੇ ਅੰਮ੍ਰਿਤ ਦੀ ਦਾਤ ਸਦਕਾ, ਮਰਨੋਂ ਕਦੇ ਭੀ ਸਿੰਘ ਨਾ ਖ਼ੌਫ਼ ਖਾਵੇ।
ਰਹੇ ਵਧਦੇ ਸਿੰਘ ਕੌੜੀ ਵੇਲ ਵਾਂਗੂ, ਆਖ਼ਰਕਾਰ ਪਰ ਜ਼ਾਲਮ ਪਿਛੋਂ ਪਛਤਾਵੇ।
'ਹਮਦਰਦ' ਸਿੱਖੀ ਫੁਲਦੀ ਫਲਦੀ ਵਿਚ ਦੁਖਾਂ, ਸੁਖਾਂ ਵਿਚ ਸਿੱਖੀ ਮੁਰਝਾ ਜਾਵੇ।

---

*ਸਲਾਮੀ ਦਿਤੀ। ਅਫ਼ਸਰ, ਸਾਹਿਬ ਨੂੰ ਅੱਗੇ ਹੋ ਕੇ ਮਿਲੇ। ਮੈਂ ਪਿਛੇ ਖੜਾ ਵਾਹਿਗੁਰੂ ਨੂੰ ਚਿਤਾਰ ਰਿਹਾ ਸਾਂ। ਮੈਨੂੰ ਆਵਾਜ਼ ਪਈ, ਮੈਂ ਕੁਝ ਸਹਿਮ ਕੇ ਅਗੇ ਹੋਇਆ। ਡੀ. ਆਈ. ਜੀ. ਸਾਹਿਬ ਨੇ ਮੈਨੂੰ ਬੈਠਣ ਲਈ ਕੁਰਸੀ ਵੱਲ ਇਸ਼ਾਰਾ ਕੀਤਾ। ਮੈਂ ਹੈਰਾਨੀ ਤੇ ਡਰ ਨਾਲ ਕੁਰਸੀ ਤੇ ਬੈਠਾ। ਡੀ. ਐਸ. ਪੀ. ਨੇ ਮੇਰੇ ਬਿਆਨ ਤੇ ਮੇਰੇ ਵਿਰੁਧ ਲੋਕਾਂ ਦੇ ਬਿਆਨ ਪੇਸ਼ ਕੀਤੇ। ਸਾਹਿਬ ਨੇ ਪੜ੍ਹੇ ਤੇ ਫਿਰ ਮੈਨੂੰ ਪੁਛਿਆ। ਮੈਂ ਸਾਰੀ ਗੱਲ ਇੰਨ-ਬਿੰਨ ਦਸ ਦਿਤੀ। ਡੀ. ਆਈ. ਜੀ. ਸਾਹਿਬ ਨੇ ਮੈਨੂੰ ਕਿਹਾ, ਡਰੋ ਨਹੀਂ, ਤੁਸੀਂ ਨੇਕਨੀਤੀ ਨਾਲ ਸ਼ਿਕਾਰ ਦੀ ਆਗਿਆ ਦਿਤੀ ਹੈ। ਮੇਰੇ ਖ਼ਿਲਾਫ਼ ਕਾਗਜ਼ ਫਾੜ ਦੇਣ ਦਾ ਹੁਕਮ ਦੇ ਕੇ ਸਾਹਿਬ ਨੇ ਟੈਲੀਫੋਨ ਤੇ ਪਾਕਿਸਤਾਨੀ ਕਰਮਚਾਰੀਆਂ ਨੂੰ ਆਖਿਆ ਕਿ ਸਾਡੇ ਆਦਮੀ ਸ਼ਿਕਾਰ ਖੇਡਦੇ ਪਕੜੇ ਗਏ ਹਨ, ਉਹਨਾਂ ਨੂੰ ਭਾਰਤ ਦੀ ਹਦ ਵਿਚੋਂ ਫੜਿਆ ਗਿਆ ਹੈ, ਉਹ ਦੋਸ਼ੀ ਨਹੀਂ, ਗ਼ਲਤੀ ਪਾਕਿਸਤਾਨੀ ਪੁਲੀਸ ਦੀ ਹੈ, ਉਹਨਾਂ ਨੂੰ ਛੱਡ ਦਿਓ।

ਡੀ. ਆਈ. ਜੀ. ਸਾਹਿਬ ਮੈਨੂੰ ਬਿਨਾਂ ਕੁਝ ਕਹੇ ਚਲੇ ਗਏ, ਮੈਂ ਕੁਝ ਦਿਨ ਪਿਕਟ ਵਿਚ ਰਿਹਾ। ਸਾਰਾ ਦਿਨ ਗੁਰੂ ਨਾਨਕ ਦੇ ਚਰਨਾਂ ਦਾ ਧਿਆਨ ਰੱਖਾਂ ਤਾਂ ਜੁ ਫੜੇ ਹੋਏ ਰਾਏ ਸਿਖ ਵਾਪਸ ਆ ਜਾਣ। ਮੇਰੀਆਂ ਅਰਦਾਸਾਂ ਸੁਣੀਆਂ ਗਈਆਂ। ਅਠਵੇਂ ਦਿਨ ਬਾਈ ਦੇ ਬਾਈ ਆਦਮੀ ਵਾਪਸ ਆ ਗਏ। ਇਹ ਹੈ ਮੇਰੇ ਜੀਵਨ ਵਿਚੋਂ ਇਕ ਘਟਨਾ ਜੋ ਕਿ ਸੱਚ ਤੇ ਸਚੇ ਦੀ ਟੇਕ ਦਾ ਸੁਹਣਾ ਮਿਠਾ ਫਲ ਦਸਦੀ ਹੈ। ਗੁਰੂ ਦੀ ਸ਼ਰਨ ਪਿਆਂ ਤੱਤੀ ਵਾ ਨਹੀਂ ਲਗਦੀ।

—ਗੁਰਮਤਿ ਪ੍ਰਕਾਸ਼, ਜੁਲਾਈ ੧੯੫੮

www.AKJ.Org

# ਕਿਰਪਾਨ-ਭੇਟ

[ਵਲੋਂ—ਭਾਈ ਸਾਹਿਬ ਰਾਮ ਸਿੰਘ ਜੀ, ਸੁਕੈਡਰਨ ਲੀਡਰ ਰੀ:, ਅੰਮ੍ਰਿਤਸਰ]

(੧) ਕੜਾਹ ਪਰਸ਼ਾਦ ਦੀ ਦੇਗ ਅਤੇ ਗੁਰੂ ਕੇ ਲੰਗਰ ਨੂੰ ਸੰਗਤਿ ਵਿਚ ਵਰਤਾਣ ਤੋਂ ਪਹਿਲਾਂ ਕਿਰਪਾਨ ਭੇਟ ਕਰਕੇ, ਗੁਰੂ ਸਾਹਿਬ ਜੀ ਨੂੰ ਭੋਗ ਲਵਾਏ ਜਾਣ ਦੀ ਮਰਯਾਦਾ, ਸਿੱਖ ਧਰਮ ਵਿਚ ਪੁਰਾਤਨ ਸਮੇਂ ਤੋਂ ਹੀ ਸੀਨਾ-ਬਸੀਨਾ ਚਲੀ ਆ ਰਹੀ ਹੈ। ਇਸ ਤਰ੍ਹਾਂ ਨਾਲ, ਕੜਾਹ ਪਰਸ਼ਾਦ ਅੰਮ੍ਰਿਤ-ਦੇਗ ਬਣ ਜਾਂਦੀ ਹੈ, ਅਤੇ ਸਿੰਘ ਇਸ ਨੂੰ ਸਤਿਕਾਰ ਨਾਲ ਛਕਦੇ ਹਨ, ਅਤੇ ਇਸ ਦਾ ਇਕ ਕਿਣਕਾ ਭੀ ਭੁੰਜੇ ਨਹੀਂ ਡਿੱਗਣ ਦੇਂਦੇ।

(੨) ਏਸੇ ਤਰ੍ਹਾਂ ਗੁਰੂ ਕੇ ਲੰਗਰ ਤੇ ਭੀ ਗੁਰੂ ਜੀ ਦੀ ਬਖਸ਼ਸ਼ ਹੋ ਜਾਂਦੀ ਹੈ ਅਤੇ ਲੰਗਰ ਅਤੁੱਟ ਵਰਤਦਾ ਹੈ। ਇਸਨੂੰ ਭੀ, ਛਕਣ ਵਾਲੇ ਬਿਲਕੁਲ ਨਹੀਂ ਜ਼ਾਇਆ ਕਰਦੇ। ਪੁਰਾਤਨ ਮਰਯਾਦਾ ਅਨੁਸਾਰ ਤਾਂ, ਲੰਗਰ ਛਕਣ ਉਪਰੰਤ, ਸਿੰਘ ਆਪਣਾ ਥਾਲ ਭੀ ਧੋ ਕੇ ਪੀ ਜਾਂਦੇ ਹਨ, ਅਤੇ ਇਸ ਵਿਚ ਗੁਰੂ ਕੇ ਲੰਗਰ ਦਾ ਸਤਿਕਾਰ ਅਤੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਹੋਈਆਂ, ਸਮਝਦੇ ਹਨ।

(੩) ਏਸੇ ਤਰ੍ਹਾਂ ਘਰਾਂ ਵਿਚ ਭੀ ਕਈ ਸਿੰਘ ਅਰਦਾਸ ਕਰਕੇ ਲੰਗਰ ਨੂੰ ਕਿਰਪਾਨ-ਭੇਟ ਕਰ ਕੇ ਹੀ ਛਕਿਆ ਕਰਦੇ ਹਨ। ਕੜਾਹ ਪਰਸ਼ਾਦ ਅਤੇ ਗੁਰੂ ਕੇ ਲੰਗਰ ਨੂੰ ਤਾਂ ਅਵੱਸ਼ ਹੀ ਕਿਰਪਾਨ-ਭੇਟ ਕੀਤਾ ਜਾਂਦਾ ਹੈ। ਕਿਰਪਾਨ-ਭੇਟ ਕਰਨ ਲਈ ਸਰਬ-ਲੋਹ ਦੀ ਹੀ ਕਿਰਪਾਨ ਵਰਤੀ ਜਾਂਦੀ ਹੈ। ਹੋਰ ਕਿਸੇ ਧਾਤ ਦੀ ਨਹੀਂ—ਨਾ ਸੋਨੇ ਦੀ, ਨਾ ਚਾਂਦੀ ਦੀ, ਨਾ ਸਟੇਨਲੈੱਸ ਸਟੀਲ ਦੀ ਅਤੇ ਨਾ ਹੀ ਹੋਰ ਕਿਸੇ ਸ਼ੈ ਦੀ।

(੪) ਕਿਰਪਾਨ-ਭੇਟ ਕਰਨ ਦੇ ਵਿਸ਼ੇ ਨੂੰ ਕੁਝ ਡੂੰਘੀ ਵਿਚਾਰ-ਅਧੀਨ ਵਿਚਾਰਨ ਦੀ ਲੋੜ ਹੈ। ਸਵਾਲ ਉੱਠਦਾ ਹੈ ਕਿ—

(ੳ) ਕੀ, ਜਿਸ ਵਸਤੂ ਨੂੰ ਜੀਅ ਕਰੇ, ਓਸੇ ਨੂੰ ਹੀ ਕਿਰਪਾਨ-ਭੇਟ ਕਰ ਕੇ, ਗੁਰਸਿਖ ਦੇ ਛਕਣ ਯੋਗ ਪਦਾਰਥ ਸਮਝ ਲਿਆ ਜਾਣਾ ਚਾਹੀਦਾ ਹੈ ?

(ਅ) ਕੀ, ਹਰ ਇਕ ਸਿੱਖ ਪ੍ਰਾਣੀ ਹੀ ਕਿਰਪਾਨ-ਭੇਟ ਕਰਨ ਦੀ ਸੇਵਾ ਦੇ ਯੋਗ ਹੁੰਦਾ ਹੈ, ਜਾਂ ਕਿ ਖ਼ਾਸ ਖ਼ਾਸ ਵਿਅਕਤੀ ਹੀ ਕਿਰਪਾਨ-ਭੇਟ ਕਰਨ ਦੀ ਸੇਵਾ ਕਰ ਸਕਦੇ ਹਨ ?

(ੲ) ਕੀ, ਇਹ ਭੀ ਸੰਭਵ ਹੋ ਸਕਦਾ ਹੈ ਕਿ ਕਿਰਪਾਨ-ਭੇਟ ਕਰਨ ਦੇ ਬਾਵਜੂਦ ਭੀ ਗੁਰੂ ਸਾਹਿਬ ਜੀ ਨੂੰ ਭੋਗ ਨਾ ਲੱਗਦਾ ਹੋਵੇ ?

(੫) ਉਪਰ ਦਰਸਾਏ ਸਵਾਲਾਂ ਤੇ ਦੀਰਘ ਵੀਚਾਰ ਕਰਨ ਦੀ ਲੋੜ ਹੈ, ਤਾਂ ਜੁ ਕਿਰਪਾਨ-ਭੇਟ ਕਰਨ ਦੀ ਮਰਯਾਦਾ ਨੂੰ ਨਾ ਤੇ ਸਸਤਾ ਹੀ ਕੀਤਾ ਜਾਏ ਅਤੇ ਨਾਂ ਹੀ ਇਸ ਦੀ ਗਲਤ ਵਰਤੋਂ ਕੀਤੀ ਜਾਏ।

ਇਹ ਜ਼ਰੂਰੀ ਹੈ ਕਿ ਅਜਿਹੀ ਵਿਚਾਰ ਗੁਰਬਾਣੀ ਦੇ ਚਾਨਣ ਵਿਚ ਹੀ ਕੀਤੀ ਜਾਏ।

(੬) ਪਹਿਲੇ ਸਵਾਲ ਦੇ ਉੱਤਰ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਕੇਵਲ ਭੱਖ (ਖਾਣ ਯੋਗ) ਵਸਤੂਆਂ ਨੂੰ ਹੀ ਭੋਗ ਲਗਾਇਆ ਜਾ ਸਕਦਾ ਹੈ। ਅਭੱਖ ਵਸਤੂਆਂ ਨੂੰ ਭੋਗ ਨਹੀਂ ਲਗਾਇਆ ਜਾ ਸਕਦਾ। ਗੁਰਬਾਣੀ ਅਨੁਸਾਰ ਅਭੱਖ ਵਸਤੂਆਂ ਉਹ ਹਨ, ਜਿਨ੍ਹਾਂ ਦੀ ਵਰਤੋਂ ਗੁਰਸਿਖਾਂ ਲਈ ਵਿਵਰਜਤ ਹੈ, ਯਥਾ :— ਮਾਸ, ਸ਼ਰਾਬ, ਭੰਗ, ਪਰਾਇਆ ਹੱਕ ਵਰਤ ਕੇ ਤਿਆਰ ਕੀਤਾ ਹੋਇਆ ਪਕਵਾਨ; ਉਹ ਪਕਵਾਨ ਜਿਹੜਾ ਨੜੀਮਾਰ, ਕੁੜੀਮਾਰ, ਸਿਰ-ਗੁੰਮ, ਰਾਮ ਰਾਈਏ, ਧੀਰ-ਮੱਲੀਏ, ਮੀਣੇ, ਮਸੰਦ (ਭਾਵ ਕਿ ਜਿਨ੍ਹਾਂ ਨਾਲ ਖ਼ਾਲਸੇ ਦੀ ਵਰਤੋਂ ਮਨ੍ਹਾ ਹੈ), ਵੇਦੀਨ (ਬੇ-ਅੰਮ੍ਰਿਤੀਏ) ਅਤੇ ਪਤਿਤ ਸਿਖਾਂ ਨੇ ਤਿਆਰ ਕੀਤਾ ਹੋਵੇ। ਇਨ੍ਹਾਂ ਵਸਤੂਆਂ ਨੂੰ ਨਾ ਭੋਗ ਲਗਾਇਆ ਜਾਂਦਾ ਹੈ ਅਤੇ ਨਾ ਹੀ ਭੋਗ ਲੱਗਦਾ ਹੈ। ਇਹ ਗੱਲ ਹੈ ਭੀ ਠੀਕ, ਕਿਉਂਕਿ



www.AKJ.Org

ਜਿਹੜੀਆਂ ਵਸਤੂਆਂ ਦੀ ਵਰਤੋਂ ਗੁਰਸਿੱਖਾਂ ਲਈ ਮਨ੍ਹਾ ਹੈ, ਉਨ੍ਹਾਂ ਨੂੰ ਗੁਰੂ ਸਾਹਿਬ ਜੀ ਆਪ ਕਿਵੇਂ ਭੋਗ ਲਗਾ ਸਕਦੇ ਹਨ ?

(੭) ਦੂਸਰਾ ਸਵਾਲ ਹੈ ਕਿ, ਕਉਣ ਕਿਰਪਾਨ-ਭੇਟ ਕਰ ਸਕਦਾ ਹੈ। ਇਸ ਪਰਥਾਇ ਗੁਰੂ ਸਾਹਿਬ ਜੀ ਦਾ ਹੁਕਮ ਹੈ : "ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥" *

ਭਾਵ ਕਿ ਜਿਸ ਪ੍ਰਾਣੀ ਨੇ ਅੰਮ੍ਰਿਤ ਨਹੀਂ ਛਕਿਆ (ਗੁਰ ਮੰਤ੍ਰ ਹੀਣਸ ਹੈ), ਜਾਂ ਅੰਮ੍ਰਿਤ ਛਕਣ ਬਾਅਦ ਕੋਈ ਬੱਜਰ ਕੁਰਹਿਤ ਕਰ ਕੇ ਸਿੱਖੀ ਤੋਂ ਖ਼ਾਰਜ ਹੋ ਗਿਆ ਹੈ (ਪਤਿਤ ਹੈ), ਉਹ ਪ੍ਰਾਣੀ ਗੁਰੂ ਜੀ ਨੂੰ ਪਸੰਦ ਨਹੀਂ ਹਨ। ਗੁਰੂ ਸਾਹਿਬ ਜੀ ਅਜਿਹੇ ਪ੍ਰਾਣੀਆਂ ਨੂੰ ਕਾਂ, ਕੁੱਤੇ, ਸੂਰ, ਖੋਤੇ, ਸੱਪਾਂ ਆਦਿ ਨਾਲ ਤੁਲਨਾ ਦੇਂਦੇ ਹਨ ਅਤੇ ਇਨ੍ਹਾਂ ਨੂੰ ਲਾਅਨਤ ਪਾਉਂਦੇ ਹਨ। ਇਸ ਲਈ ਜੇ ਅਜਿਹੇ ਮਨੁੱਖ ਹੀ ਗੁਰੂ ਸਾਹਿਬ ਜੀ ਨੂੰ ਪਸੰਦ ਨਹੀਂ ਤਾਂ ਅਜਿਹੇ ਪ੍ਰਾਣੀਆਂ ਵਲੋਂ ਕਿਰਪਾਨ-ਭੇਟ ਕਰਨ ਦੀ ਸੇਵਾ ਕੀਤੀ ਗੁਰੂ ਸਾਹਿਬ ਜੀ ਨੂੰ ਕਿਵੇਂ ਪਰਵਾਨ ਹੋ ਸਕਦੀ ਹੈ ? ਇਸ ਕਰਕੇ ਬੇ-ਅੰਮ੍ਰਿਤੀਆ ਜਾਂ ਪਤਿਤ ਸਿੱਖ ਕਿਰਪਾਨ-ਭੇਟ ਕਰਨ ਦੀ ਸੇਵਾ ਦੇ ਯੋਗ ਨਹੀਂ ਹੁੰਦਾ। ਅਤੇ ਨਾ ਹੀ ਗੁਰੂ ਕਾ ਲੰਗਰ ਅਥਵਾ ਦੇਗ ਤਿਆਰ ਕਰ ਸਕਦਾ ਹੈ। ਏਸੇ ਤਰ੍ਹਾਂ ਰਹਿਤ ਬਹਿਤ ਵਿਚ ਢਿੱਲਾ ਅੰਮ੍ਰਿਤਧਾਰੀ (ਜੋ ਪੰਜ ਕਕਾਰਾਂ ਦਾ ਧਾਰਨੀ ਨਹੀਂ ਹੈ) ਗੁਰੂ ਸਾਹਿਬ ਜੀ ਦੀ ਆਗਿਆ ਦਾ ਪਾਲਨ ਨਹੀਂ ਕਰ ਰਿਹਾ ਹੁੰਦਾ। ਅਜਿਹਾ ਵਿਅਕਤੀ ਭੀ ਕਿਰਪਾਨ-ਭੇਟ ਕਰਨ ਦੀ ਸੇਵਾ ਨਹੀਂ ਕਰ ਸਕਦਾ। ਗੱਲ ਭੀ ਤਾਂ ਸਿੱਧੀ ਹੀ ਹੈ ਕਿ, ਜੇ ਅਜਿਹਾ ਵਿਅਕਤੀ ਗੁਰੂ ਸਾਹਿਬ ਜੀ ਦਾ, ਰਹਿਤ (ਅੰਦਰੂਨੀ ਤੇ ਬਹਿਰੂਨੀ ਦੋਵੇਂ) ਬਾਰੇ, ਹੁਕਮ ਨਹੀਂ ਪਾਲਦਾ, ਤਾਂ ਗੁਰੂ ਸਾਹਿਬ ਜੀ ਇਸ ਦੇ ਕਹੇ ਤੇ ਭੋਗ ਕਿਉਂ ਲਾਉਣ ? ਅਜਿਹੇ ਢਿੱਲੜ ਆਪਣੀ ਢਿਲਿਆਈ ਨੂੰ ਸਹੀ ਸਿਧ (Justify) ਕਰਨ ਲਈ ਕਈ ਪਰਕਾਰ ਦੀਆਂ ਚਤੁਰਾਈ ਭਰੀਆਂ ਗੱਲਾਂ ਕਰਿਆ ਕਰਦੇ ਹਨ। ਪਰ ਗੁਰੂ ਸਾਹਿਬ ਜੀ ਅਜਿਹੇ ਵਿਅਕਤੀਆਂ ਨੂੰ ਨਿਰਸੰਦੇਹ ਮਨਮੁਖਾਂ ਦੀ ਸ਼੍ਰੇਣੀ ਵਿਚੋਂ ਹੀ ਸਮਝਦੇ ਹਨ। ਯਥਾ ਗੁਰਵਾਕ :– "ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥" (੮੩੧)

(੮) ਇਸ ਦਾ ਭਾਵ ਇਹ ਹੋਇਆ ਕਿ ਕੇਵਲ ਰਹਿਤਵਾਨ, ਤਿਆਰ-ਬਰ-ਤਿਆਰ, ਅੰਮ੍ਰਿਤਧਾਰੀ ਵਿਅਕਤੀ ਹੀ ਦੇਗ ਅਤੇ ਲੰਗਰ ਤਿਆਰ ਕਰਨ ਅਤੇ ਕਿਰਪਾਨ–ਭੇਟ ਕਰਨ ਦੀ ਸੇਵਾ ਕਰਨ ਦੀ ਸੇਵਾ ਕਰ ਸਕਦਾ ਹੈ, ਹੋਰ ਕੋਈ ਨਹੀਂ––ਨਾ ਬੱਜਰ ਕੁਰਹਿਤੀਆ, ਨਾ ਬੇ-ਅੰਮ੍ਰਿਤੀਆ, ਨਾ ਨਾ-ਮਿਲ-ਵਰਤਣ ਵਾਲੀਆਂ ਸ਼੍ਰੇਣੀਆਂ ਵਿਚੋਂ ਕੋਈ ਅਤੇ ਨਾ ਹੀ ਰਹਿਤ ਵਿਚ ਢਿੱਲਾ ਵਿਅਕਤੀ।

(੯) ਤੀਸਰੇ ਸੁਆਲ ਦਾ ਉੱਤਰ ਦੇਣ ਤੋਂ ਪਹਿਲਾਂ, ਅਸੀਂ ਆਪਣਾ ਧਿਆਨ ਮੁੜ ਕੜਾਹ ਪਰਸ਼ਾਦ ਦੀ ਦੇਗ ਵਲ ਲੈ ਜਾਂਦੇ ਹਾਂ। ਕੜਾਹ ਪਰਸ਼ਾਦ ਤਿਆਰ ਕਰਨ ਬਾਰੇ ਗੁਰੂ ਸਾਹਿਬ ਜੀ ਦਾ ਹੁਕਮ ਹੈ ਕਿ ਪਰਸ਼ਾਦ ਤ੍ਰਿਹਾਵਲੀ ਦਾ ਕਰਨਾ ਚਾਹੀਏ––ਭਾਵ ਕਿ ਆਟਾ, ਖੰਡ ਅਤੇ ਖ਼ਾਲਸ ਘਿਉ ਇਹ ਤਿੰਨੋ ਚੀਜ਼ਾਂ ਤੱਕੜੀ ਨਾਲ ਤੋਲ ਕੇ ਹਮ-ਵਜ਼ਨ (ਇਕੋ ਜਿੰਨੀਆਂ) ਪਾਉਣੀਆਂ ਚਾਹੀਦੀਆਂ ਹਨ। ਇਸ ਸੰਬੰਧ ਵਿਚ ਤਨਖਾਹਨਾਮਾ ਜੋ ਭਾਈ ਨੰਦ ਲਾਲ ਜੀ ਦੇ ਨਾਂ ਹੇਠ ਅੰਕਿਤ ਮਿਲਦਾ ਹੈ, ਉਸ ਵਿਚ ਕੜਾਹ ਪਰਸ਼ਾਦ ਤਿਆਰ ਕਰਨ ਦੀ ਬਿਧੀ ਇਉਂ ਮਿਲਦੀ ਹੈ–

ਕੜਾਹ ਕਰਨ ਕੀ ਬਿਧਿ ਸੁਨ ਲੀਜੈ ॥ ਤੀਨ ਭਾਗ ਕੋ ਸਮਸਰ ਕੀਜੈ ॥
ਲੇਪਨ ਆਗੈ ਬਹੁਕਰ ਦੀਜੈ ॥ ਮਾਂਜਨ ਕਰ ਭਾਂਜਨ ਧੋਵੀਜੈ ॥
ਕਰ ਇਸਨਾਨ ਪਵਿਤ੍ਰ ਹ੍ਵੈ ਬਹੈ ॥ ਵਾਹਿਗੁਰੂ ਬਿਨੁ ਅਵਰ ਨ ਕਹੈ ॥
ਕਰ ਤਿਆਰ ਚੌਕੀ ਪਰ ਧਰੈ ॥ ਚਾਰ ਓਰ ਕੀਰਤਨ ਬਹਿ ਕਰੈ ॥

* ਸਲੋਕ ਸਹਸਕ੍ਰਿਤੀ ਮ: ੫ (੩੩) ਪੰਨਾ ੧੩੫੭



www.AKJ.Org

ਫਿਰ ਭਾਈ ਸੰਤੋਖ ਸਿੰਘ ਜੀ ਕ੍ਰਿਤ ਸੂਰਜ ਪ੍ਰਕਾਸ਼ ਵਿਚ ਇਸੇ ਦੀ ਪ੍ਰੋੜ੍ਹਤਾ ਮਿਲਦੀ ਹੈ—

ਪਾਵਨ ਤਨ ਪਾਵਨ ਕਰ ਥਾਨ ॥ ਘ੍ਰਿਤ ਮੈਦਾ ਲੇ ਖਾਂਡ ਸਮਾਨ ॥
ਕਰ ਕੜਾਹ ਜਪੁ ਪਾਠ ਸੁ ਠਾਨੈ ॥ ਗੁਰ ਪ੍ਰਸਾਦਿ ਅਰਦਾਸ ਬਖਾਨੈ ॥
—ਗੁਰ ਪ੍ਰਤਾਪ ਸੂਰਜ, ਰੁਤ ੩, ਅਧਿਆਇ ੫੦

ਇਸ ਮਰਯਾਦਾ ਨੂੰ ਕਾਇਮ ਰੱਖਣ ਵਿਚ ਹੀ ਗੁਰੂ ਸਾਹਿਬ ਜੀ ਦੀ ਖੁਸ਼ੀ ਹੈ। ਇਸ ਮਰਯਾਦਾ ਨੂੰ ਤੋੜਨਾ ਅਯੋਗ ਹੈ, ਅਥਵਾ ਗੁਰੂ ਸਾਹਿਬ ਜੀ ਦੇ ਹੁਕਮ ਦੀ ਉਲੰਘਣਾ ਹੈ। ਇਸ ਲਈ ਜੇ ਅਸੀਂ ਇਨ੍ਹਾਂ ਤਿੰਨਾਂ ਚੀਜ਼ਾਂ ਦੀ ਮਿਕਦਾਰ ਵਿਚ ਅਦਲਾ ਬਦਲੀ ਕਰ ਲਈਏ (ਘਿਉ ਘੱਟ ਪਾਈਏ, ਜਾਂ ਮਿੱਠਾ ਵਧਾਉਣ ਲਈ ਚੀਨੀ ਜ਼ਿਆਦਾ ਪਾ ਦੇਈਏ, ਜਾਂ ਘਿਉ ਦੀ ਜਗ੍ਹਾ ਬਨਾਸਪਤੀ, ਤੇਲ, ਆਦਿ ਵਰਤ ਲਈਏ) ਤਾਂ ਇਹ ਕਰਤੱਵ ਗੁਰੂ ਸਾਹਿਬ ਜੀ ਦੇ ਹੁਕਮ ਦੀ ਉਲੰਘਣਾ ਕਰਨ ਦੇ ਤੁੱਲ ਹੋ ਜਾਂਦਾ ਹੈ। ਗੁਰੂ ਸਾਹਿਬ ਜੀ ਦੇ ਹੁਕਮ ਦੀ ਤਾਂ ਜਾਣ ਬੁੱਝ ਕੇ ਕੀਤੀ ਜ਼ਰਾ ਭਰ ਉਲੰਘਣਾ ਭੀ ਵੱਡੀ ਗੁਸਤਾਖ਼ੀ ਹੈ।

ਡਾਲਡਾ ਜਾਂ ਕੋਈ ਹੋਰ ਬਨਾਸਪਤੀ ਘਿਓ, ਅਸਲੀ ਗੋਕੇ ਜਾਂ ਮਾਝੇ ਘਿਓ ਦੀ ਥਾਂ ਕਦਾਚਿਤ ਨਹੀਂ ਵਰਤਣਾ ਚਾਹੀਦਾ। ਗਰੀ ਜਾਂ ਮੂੰਗਫਲੀ ਦੇ ਤੇਲ ਜਾਂ ਹੋਰ ਕਈ ਤਰ੍ਹਾਂ ਦੀ ਬਨਾਸਪਤੀ ਵਿਚੋਂ ਪ੍ਰਾਪਤ ਕੀਤੇ ਤੇਲਾਂ ਨੂੰ ਰਸਾਇਣ ਪਦਾਰਥਾਂ ਨਾਲ ਜਮਾਅ ਕੇ ਇਹ* ਬਨਾਉਟੀ ਘਿਓ ਅਥਵਾ ਡਾਲਡਾ ਬਣਾਇਆ ਜਾਂਦਾ ਹੈ। ਗੁਰੂ ਮਹਾਰਾਜ ਨੂੰ ਭੋਗ ਲਾਉਣ ਵਾਲੇ ਕੜਾਹ ਪਰਸ਼ਾਦ ਵਿਚ ਬਨਾਸਪਤੀ ਘਿਓ ਅਥਵਾ ਡਾਲਡਾ ਵਰਤਣਾ ਮਨਮਤ ਹੈ। ਸੱਚੇ ਪਾਤਸ਼ਾਹ ਜੀ ਨੂੰ ਭੋਗ ਦੇਸੀ ਘਿਓ ਦਾ ਹੀ ਲਗ ਸਕਦਾ ਹੈ। ਦੇਗ ਬੇਸ਼ਕ ਥੋੜੀ ਬਣਾ ਲਓ, ਸੰਗਤ ਵਿਚ ਇਕ ਇਕ ਕਿਣਕਾ ਭਰ ਵਰਤਾ ਲਓ, ਪਰ ਕਦੇ ਭੁਲ ਕੇ ਵੀ ਡਾਲਡੇ ਜਾਂ ਕਿਸੇ ਹੋਰ ਬਨਾਸਪਤੀ ਘਿਓ ਦੀ ਦੇਗ (ਕੜਾਹ ਪਰਸ਼ਾਦ) ਨਾ ਬਣਾਓ।

ਜਿਹੜੀ ਦੇਗ ਪੂਰੀ ਮਰਯਾਦਾ ਅਨੁਸਾਰ ਤਿਆਰ ਨਹੀਂ ਕੀਤੀ ਜਾਂਦੀ, ਉਹ ਗੁਰੂ ਮਹਾਰਾਜ ਨੂੰ ਭੋਗ ਲੁਆਉਣ ਦੇ ਯੋਗ ਨਹੀਂ ਹੋ ਸਕਦੀ।

(੧੦) ਅੱਜ ਕਲ੍ਹ ਪਰਤੱਖ ਸੁਣਨ-ਵੇਖਣ ਵਿਚ ਆ ਰਿਹਾ ਹੈ ਕਿ ਅਰਦਾਸੀਆ ਸਿੰਘ "ਗੁਰੂ ਸਾਹਿਬ ਜੀ, ਕੜਾਹ ਪਰਸ਼ਾਦ ਦੀ ਦੇਗ ਹਾਜਰ ਹੈ, ਆਪ ਜੀ ਨੂੰ ਭੋਗ ਲਗੇ" ਕਹਿਣ ਦੀ ਬਜਾਏ ".. ਆਪ ਜੀ ਨੂੰ ਪਰਵਾਨ ਹੋਵੇ" ਕਹਿ ਕੇ ਕਿਰਪਾਨ-ਭੇਟ ਕਰ ਦਿੰਦਾ ਹੈ। "ਭੋਗ" ਦੀ ਬਜਾਏ "ਪਰਵਾਨ" ਕਹਿਣ ਪਿੱਛੇ ਇਹ ਵਿਚਾਰ ਦੱਸੀ ਜਾਂਦੀ ਹੈ ਕਿ ਭੋਗ ਆਮ ਤੌਰ ਤੇ ਬ੍ਰਾਹਮਣ ਲੋਗ ਠਾਕਰਾਂ ਨੂੰ ਲਵਾਇਆ ਕਰਦੇ ਹਨ, ਇਸ ਲਈ ਸਿੱਖਾਂ ਨੂੰ ਬ੍ਰਾਹਮਣੀ ਰੀਸ ਨਹੀਂ ਕਰਨੀ ਚਾਹੀਦੀ। ਇਸ ਦਲੀਲ ਵਿਚ ਕੋਈ ਵਜ਼ਨ ਨਹੀਂ ਜਾਪਦਾ, ਕਿਉਂਕਿ ਗੁਰਬਾਣੀ ਤੋਂ ਸਾਨੂੰ ਇਹ ਸੇਧ ਮਿਲਦੀ ਹੈ ਕਿ ਭੋਜਨ ਤਿਆਰ ਕਰਨ ਉਪ੍ਰੰਤ ਗੁਰੂ ਸਾਹਿਬ ਜੀ ਨੂੰ ਭੋਗ ਲਗਾਉਣ ਲਈ ਅਰਦਾਸ ਕੀਤੀ ਜਾਂਦੀ ਹੈ। ਯਥਾ :

"ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ ॥
ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਇ ॥"**

ਇਸ ਲਈ ਗੁਰਬਾਣੀ ਅਨੁਸਾਰ, ਅਰਦਾਸੀਏ ਸਿੰਘ ਲਈ ਗੁਰੂ ਸਾਹਿਬ ਜੀ ਨੂੰ 'ਭੋਗ ਲਾਉਣ ਲਈ' [ ]

---

* ਪ੍ਰਿੰਸੀਪਲ ਨਿਰੰਜਨ ਸਿੰਘ ਜੀ ਆਪਣੀ ਪੁਸਤਕ 'ਜੀਵਨ-ਜੁਗਤਿ' (ਖ਼ੁਰਾਕ ਦੇ ਅੰਸ਼) ਵਿਚ ਲਿਖਦੇ ਹਨ— "ਤੇਲਾਂ ਵਿਚ ਹਾਈਡਰੋਜਨ ਲੰਘਾ ਕੇ ਬਨਾਸਪਤੀ ਬਣਾਇਆ ਜਾਂਦਾ ਹੈ। ਇਹ ਬਨਾਸਪਤੀ ਖ਼ੁਰਾਕ ਦੇ ਤੌਰ ਤੇ ਤੇਲਾਂ ਨਾਲੋਂ ਘਟੀਆ ਹੈ, ਇਸ ਦੀ ਸ਼ਕਲ ਘਿਓ ਵਰਗੀ ਬਣਾਈ ਹੁੰਦੀ ਹੈ ਅਤੇ ਇਸ ਦੇ ਨਾਲ ਆਮ ਲੋਕਾਂ ਨੂੰ ਧੋਖੇ ਵਿਚ ਰਖਿਆ ਜਾ ਸਕਦਾ ਹੈ।"

** ਮਲਾਰ ਮ: ੫ (੨॥੧॥) ਪੰਨਾ ੧੨੬੬



www.AKJ.Org

# 'ਇਕ ਅਰਦਾਸਿ ਭਾਟ ਕੀਰਤਿ ਕੀ'

[ਸਵਈਏ ਮਹਲੇ ਚਉਥੇ ਕੀ, ੧੪੦੬)

## "ਉਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ (੭੯੩)

[ਵਲੋਂ—ਭਾਈ ਹਰੀ ਸਿੰਘ ਜੀ ਸ਼ੇਰਗਿੱਲ, ੪੭੨-ਏ, ਦਾਸੀ ਪਾਂਡੂ ਭਵਨ, ਕਿੰਗਜ਼ ਸਰਕਲ ਈਸਟ, ਬੰਬੇ]

(ਅਗੇ ਦਰਜ ਅਰਦਾਸ ਇਹ ਨਿਰਮਾਣ ਪੰਥ ਕੂਕਰ, ਪਿਛਲੇ ਕਈ ਮਹੀਨਿਆਂ ਤੋਂ ਅੰਮ੍ਰਿਤ-ਵੇਲੇ ਦੇ ਨਿਤਨੇਮ ਦੇ ਨਾਲ ਹੀ ਕਰ ਰਿਹਾ ਹੈ। ਪੈਂਤੀ ਕੁ ਸਾਲ ਤੋਂ, ਜਦ ਤੋਂ ਦੇਸ਼ ਆਜ਼ਾਦ ਹੋਇਆ ਹੈ, ਹਿੰਦ ਸਰਕਾਰ ਵਲੋਂ ਜੋ ਕੋਝਾ ਤੇ ਵਿਤਕਰਾ ਭਰਪੂਰ ਵਰਤਾਵ, ਗੁਰੂ ਗ੍ਰੰਥ-ਪੰਥ ਸਿਧਾਂਤ ਨੂੰ ਜਥੇਬੰਦਕ ਰੂਪ ਵਿਚ ਸਮਾਪਤ ਕਰਨ ਲਈ ਹੋ ਰਿਹਾ ਹੈ, ਅਤੇ ਦਿਨ ਬਦਿਨ ਜੋ ਇਸ ਪ੍ਰਥਾਏ ਚਿੰਤਾਜਨਕ ਸਥਿਤੀ ਪ੍ਰਤੱਖ ਹੋ ਰਹੀ ਹੈ ਤੇ ਪੰਥ-ਖਾਲਸਾ ਜੀ ਨੂੰ ਇਸ ਸਿਧਾਂਤ ਨੂੰ ਜਥੇਬੰਦਕ ਰੂਪ ਵਿਚ ਸਥਿਰ ਰਖਣ ਲਈ ਮਰਨ-ਜੀਵਨ-ਮਈ ਸੰਘਰਸ਼ ਕਰਨ ਲਈ ਦਿੱਲੀ ਵਲੋਂ ਹੁਣ ਮਜਬੂਰ ਕੀਤਾ ਜਾ ਰਿਹਾ ਹੈ, ਉਸਦੇ ਸਨਮੁਖ ਇਹ ਜੋਦੜੀ ਸਵੈਮ ਹੀ ਨਿਤ ਅੰਮ੍ਰਿਤ ਵੇਲੇ ਇਸ ਨਿਮਾਣੇ ਜਿਹੇ ਹਿਰਦੇ ਵਿਚੋਂ ਹੀ ਤੁਰਦੀ ਹੈ। ਆਮ ਸਿੱਖ ਸੰਗਤਾਂ ਨਾਲ ਸਾਂਝੀ ਕਰਨ ਦੀ ਆਗਿਆ ਤੇ ਖੁਲ੍ਹ ਮੰਗ ਰਿਹਾ ਹਾਂ।)

ਹੇ ਪੰਥ ਦੇ ਵਾਲੀ ਕਲਗੀਧਰ ਸ਼ਹਿਨਸ਼ਾਹ! ਯੁਗਾਂ-ਯੁਗਾਂਤਰਾਂ ਦੇ ਮਹਾਨ ਤਪੀਸ਼ਵਰ, ਸਦਾ ਜਾਗਦੀ ਜੋਤ, ਦੁਸ਼ਟ-ਦਮਨ, ਪੰਥ ਖਾਲਸਾ ਜੀ ਦੇ ਸਦਾ ਅੰਗ-ਸੰਗ ਪਾਤਸ਼ਾਹ, ਅੰਮ੍ਰਿਤ ਦੇ ਦਾਤੇ, ਪੰਜਾਂ ਪਿਆਰਿਆਂ ਵਾਲੇ, ਝੂਲਦਿਆਂ ਨਿਸ਼ਾਨਾਂ ਵਾਲੇ, ਚਿੱਟਿਆਂ ਬਾਜਾਂ ਵਾਲੇ, ਨੀਲੇ ਦੇ ਸ਼ਾਹ-ਸਵਾਰ, ਚੜ੍ਹਦੀ ਕਲਾ ਦੇ ਅਵਤਾਰ, ਛਿਆਨਵੇਂ ਕਰੋੜੀ ਸ਼ਹੀਦੀ ਫ਼ੌਜਾਂ ਦੇ ਸਿਪਾਹ-ਸਲਾਰ, ਬਿਰਦਪਾਲ ਸਤਿਗੁਰੂ ਜੀ!

ਇਸ ਮਹਾਨ ਹਿੰਦ ਦੇਸ਼ ਵਿਚ ਕਿਤਨੇ ਮਹਾਨ ਪੁਰਖ, ਤਪੀ-ਤਿਆਗੀ ਅਧਿਆਤਮਕ ਖੋਜੀ, ਰਿਸ਼ੀ,

---

[ ]ਅਰਦਾਸ ਕਰਨੀ ਹੀ ਉਚਿਤ ਹੈ, ਅਤੇ ਗੁਰਮਤਿ ਅਨਕੂਲ ਹੈ। ਅਤੇ ਇਹ ਬਿਲਕੁਲ ਠੀਕ ਹੈ।

ਗੁਰਬਾਣੀ ਦੀ ਉਪਰੋਕਤ ਤੁਕ ਵਿਚੋਂ ਇਹ ਗੱਲ ਵੀ ਨਿਖਰ ਕੇ ਸਾਹਮਣੇ ਆਈ ਹੈ ਕਿ ਲੰਗਰ ਅਸਥਾਨ, ਸਮੱਗ੍ਰੀ, ਬਰਤਨ, ਕਪੜਾ (ਪੋਣੇ) ਆਦਿ ਦੀ ਸੁੱਚਮਤਾ ਅਤੇ ਪਵਿੱਤ੍ਰਤਾ ਦਾ ਭੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਤੇ ਲੰਗਰ ਅਥਵਾ ਦੇਗ ਤਿਆਰ ਕਰਨ ਵਾਲਿਆਂ ਦੀ ਸਰੀਰਕ ਅਤੇ ਪੁਸ਼ਾਕੇ ਦੀ ਸਵੱਛਤਾ (ਇਸ਼ਨਾਨ, ਆਦਿ) ਭੀ ਇਸ ਇਲਾਹੀ ਫੁਰਮਾਨ ਅੰਦਰ ਲੁਪਤ ਹੈ। ਪਵਿੱਤ੍ਰਤਾ ਕਾਇਮ ਕਰਨ ਲਈ, 'ਸੋਨੇ ਤੇ ਸੁਹਾਗੇ' ਵਾਲਾ ਕੰਮ ਇਹ ਹੈ ਕਿ ਨਾਮ-ਬਾਣੀ ਦਾ ਉਚਾਰਨ ਇਸ ਸੇਵਾ ਸਮੇਂ ਜਾਰੀ ਹੀ ਰਖਿਆ ਜਾਏ।

(੧੨) ਏਥੇ ਇਹ ਕਹਿਣਾ ਭੀ ਅਜਾਈਂ ਨਹੀਂ ਹੋਏਗਾ ਕਿ ਕੜਾਹ ਪ੍ਰਸ਼ਾਦ ਨੂੰ ਅੰਮ੍ਰਿਤ ਦੇਗ ਅਤੇ ਗੁਰੂ ਕੇ ਲੰਗਰ ਨੂੰ ਅੰਮ੍ਰਿਤ ਭੋਜਨ ਕਰਕੇ ਛਕਿਆ ਜਾਂਦਾ ਹੈ। ਇਸ ਲਈ ਅੰਮ੍ਰਿਤ ਦੇ ਬਾਟੇ ਦੀ ਤਰ੍ਹਾਂ, ਦੇਗ ਅਤੇ ਲੰਗਰ ਭੀ ਸਰਬ ਲੋਹ ਦੇ ਸਵੱਛ ਬਰਤਨਾਂ ਵਿਚ ਹੀ ਤਿਆਰ ਕੀਤਾ ਅਤੇ ਵਰਤਾਇਆ ਜਾਣਾ ਚਾਹੀਦਾ ਹੈ।

(੧੩) ਕਿਸੇ ਅਭੱਖ ਵਸਤੂ ਨੂੰ ਭੋਗ ਲੁਆਉਣਾ ਤੇ ਕਿਰਪਾਨ-ਭੇਟ ਕਰਨਾ ਬੱਜਰ ਭੁਲ ਹੈ ਅਤੇ ਆਪ-ਹੁਦਰਾ ਪਣ ਹੈ। ਜਿਸ ਵਸਤੂ ਨੂੰ ਖਾਣੋਂ ਗੁਰੂ ਸਾਹਿਬ ਸਾਨੂੰ ਮਨ੍ਹਾ ਕਰਨ, ਅਸੀਂ ਗੁਰੂ ਸਾਹਿਬ ਜੀ ਨੂੰ ਕਹੀਏ ਕਿ ਤੁਸੀਂ ਇਸ ਨੂੰ ਭੋਗ ਲਾਵੋ, ਇਹ ਕਿੰਨੀ ਪਾਪ ਭਰੀ ਗੁਸਤਾਖ਼ੀ ਹੈ! ਅਜਿਹਾ ਕਰਨ ਵਾਲਾ ਤਨਖਾਹੀਆ ਗਰਦਾਨਿਆ ਜਾਏਗਾ।

ਗੁਰਸਿਖਾਂ ਨੂੰ ਕਿਰਪਾਨ-ਭੇਟ ਕਰਨੀ ਕੜਾਹ ਪ੍ਰਸ਼ਾਦ ਅਤੇ ਲੰਗਰ ਤਕ ਹੀ ਸੀਮਿਤ ਰਖਣੀ ਉਚਿਤ ਹੈ।



www.AKJ.Org

ਜੁਗੀਸ਼ਰ, ਤਪੀਸ਼ਰ, ਈਸ਼ਵਰ ਭਗਤ, ਅੱਲਾ ਦੇ ਪਿਆਰੇ, ਗੁਰੂ ਪੀਰ, ਧਰਮੀ ਸੂਰਵੀਰ, ਵਿਦਵਾਨ, ਕਲਾਧਾਰੀ ਵੱਡ ਯੋਧੇ, ਬਹੁ-ਪਰਉਪਕਾਰੀ ਮਹਾਨ ਵਿਅਕਤੀ ਪੈਦਾ ਹੋਏ, ਰੱਬ ਦੀ ਮੇਹਰ ਹੋਈ ਇਸ ਦੇਸ਼ ਤੇ।

ਪਰ ਨਾਲ ਦੇ ਨਾਲ ਇਹ ਦੇਵਨੇਤ ਦਾ, ਕੁਦਰਤ ਦਾ ਕਰਿਸ਼ਮਾ ਹੈ, ਅੰਮ੍ਰਿਤ ਦੇ ਨਾਲ ਜ਼ਹਿਰ ਭੀ ਪੈਦਾ ਹੋਈ, ਫੁੱਲ ਗੁਲਾਬ ਦੇ ਨਾਲ ਤਿੱਖਾ ਕੰਡਾ ਭੀ ਪੈਦਾ ਹੋਇਆ। ਤੇਜੱਸਵੀ ਤੱਤਾਂ ਦੇ ਨਾਲ ਹੀ ਇਸ ਮਹਾਨ ਦੇਸ਼ ਦੀ ਬਰਬਾਦੀ ਲਈ, ਇਸਦੇ ਸਰਬਪੱਖੀ ਪਤਨ ਲਈ, ਇਸਨੂੰ ਹਜ਼ਾਰਾਂ ਬਰਸਾਂ ਦੀ ਜ਼ਲੀਲ ਗ਼ੁਲਾਮੀ ਤੇ ਪ੍ਰਾਧੀਨਤਾ ਦੇ ਵੱਸ ਪਾਣ ਲਈ, ਦਕੀਆਨੂਸੀ ਪਰ ਸ਼ਕਤੀ-ਸ਼ਾਲੀ, ਚਾਰ-ਵਰਣਾਸ਼ਰਮੀ, ਸਰਵ-ਨਾਸ਼ੀ, ਮਨੂ ਸਿਮਰਤੀ ਵਾਲੀ ਬ੍ਰਾਹਮਣਵਾਦੀ-ਵੇਦਕ ਧਰਮੀ ਵਿਚਾਰਧਾਰਾ ਭੀ ਨਾਲੋਂ ਨਾਲ ਪਨਪਦੀ ਰਹੀ।

ਅੰਤਮ ਨਤੀਜਾ ਇਹ ਕਿ ਇਸ ਨਿੱਘਰੀ ਹੋਈ ਵਿਚਾਰਧਾਰਾ ਦੇ ਫਲਸਰੂਪ, ਰੱਬ ਜੀ ਦੇ ਕਰੋੜਾਂ ਬੱਰਿਆਂ ਨੂੰ, ਅਛੂਤਪੁਣੇ ਦੇ ਧਾਰਮਕ ਤੇ ਸਮਾਜਕ ਬੋਝ ਹੇਠ ਹਮੇਸ਼ਾ ਲਈ ਪਸ਼ੂਪੁਣੇ ਤੋਂ ਭੀ ਨਖਿੱਧ ਜੀਵਨ ਬਤੀਤ ਕਰਨ ਲਈ ਮਜਬੂਰ ਕਰ ਦਿੱਤਾ ਗਿਆ। ਲਗਾਤਾਰ ਹਜ਼ਾਰਾਂ ਬਰਸਾਂ ਦੀ ਇਸ ਧਾਰਮਕ ਤੇ ਸਮਾਜਕ ਜ਼ਿੱਲਤ ਹੇਠ, ਇਨ੍ਹਾਂ ਬੇਬੱਸ ਇਨਸਾਨਾਂ ਨੇ ਇਸ ਜ਼ਲਾਲਤ ਨੂੰ ਜ਼ਿਹਨੀ ਤੌਰ ਤੇ ਹੀ ਸਵੀਕਾਰ ਕਰ ਲਿਆ। ਇਹ ਸਥਿਤੀ ਅਮਲੀ ਰੂਪ ਵਿਚ ਸਾਰੇ ਦੇਸ਼ ਅੰਦਰ ਅਜੇ ਤਕ ਭੀ ਮੌਜੂਦ ਹੈ। ਸਿੱਖ ਧਰਮ ਦੇ ਕਾਰਨ ਕੇਵਲ ਪੰਜਾਬ ਵਿਚ ਹੀ ਨਾਮ-ਮਾਤਰ ਹੈ।

ਗੁਰੂ ਗਰੀਬ ਨਿਵਾਜ਼! ਅੰਤ ਨੂੰ 'ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ○ ਦਾ ਰੱਬੀ ਹੁਕਮ ਪਾ ਕੇ ਅੱਜ ਤੋਂ ਪੰਜ ਕੁ ਸੌ ਸਾਲ ਪਹਿਲਾਂ, ਇਸ ਨਿਮਾਣੇ, ਨਿਤਾਣੇ, ਅਭਾਗੇ ਦੇਸ਼ ਦੀ ਸਰਬ-ਪੱਖੀ ਕਲਿਆਣ ਹਿਤ, ਇਸਦੀ ਅਧਿਆਤਮੀ ਆਤਮਾ ਨੂੰ ਸੰਜੀਵ ਤੇ ਬਲਵਾਨ ਬਣਾਣ ਲਈ, ਇਸ ਜੋਂ ਬ੍ਰਾਹਮਣਵਾਦੀ ਸਮਾਜਕ ਤੇ ਧਾਰਮਕ ਕੋਹੜ ਤੇ ਜ਼ੁਲਮ ਖ਼ਤਮ ਕਰਨ ਲਈ, ਇਸਦੀ ਸਦੀਆਂ ਦੀ ਜ਼ਲੀਲ ਪ੍ਰਾਧੀਨਤਾ ਦੇ ਸੰਗਲ ਕੱਟਣ ਲਈ, ਤੇ ਕਰੋੜਾਂ ਬੰਦਿਆਂ ਨੂੰ ਪਸ਼ੂਆਂ ਤੋਂ ਨੀਵਾਂ ਤੇ ਨਖਿੱਧ ਜੀਵਨ ਜੀਊਣ ਵਾਸਤੇ ਮਜਬੂਰ ਕਰ ਦੇਣ ਵਾਲੇ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਵਿਰੁੱਧ ਜਥੇਬੰਦਕ ਜਹਾਦ ਕਰਨ ਲਈ, ਗੁਰੂ ਘਰ ਦੀ ਵਿਚਾਰਧਾਰਾ ਦਾ ਇਸ ਦੇਸ ਵਿਚ ਪ੍ਰਕਾਸ਼ ਹੋਇਆ। ਇਹ ਬੀੜਾ ਗੁਰੂ-ਘਰ ਨੇ ਚੁਕਿਆ ਅਤੇ ਬੇਸ਼ੁਮਾਰ ਬਲੀਆਂ ਦੇ ਕੇ "ਅਸੀਂ ਵਾਰਿਸ ਹਾਂ ਹਿੰਦ ਦੀ ਆਤਮਾ ਦੇ" ਦਾ ਹੱਕ ਪ੍ਰਾਪਤ ਕੀਤਾ।

ਗੁਰੂ ਬਾਬਾ ਜੀ ਨੇ ਇਸ ਸਦੀਆਂ ਦੀ ਦੋ-ਮੂੰਹੀਂ ਬੀਮਾਰੀ ਦੀ ਤਸ਼ਖੀਸ਼ ਕਰ ਕੇ, ਸਭ ਤੋਂ ਪਹਿਲਾਂ ਇਸ ਦੇਸ਼ ਨੂੰ ਇਕ ਇਕਾਈ, ਯਾਨੀ ਹਿੰਦੁਸਤਾਨ ਦਾ ਨਾਮ ਪ੍ਰਦਾਨ ਕੀਤਾ, "ਖੁਰਾਸਾਨ ਖਸਮਾਨਾ ਕੀਆ* ਆਦਿਕ ਰੱਬੀ ਵਾਕਾਂ ਰਾਹੀਂ ਇਸਨੂੰ ਸਿਆਸੀ ਗ਼ੁਲਾਮੀ ਤੋਂ ਮੁਕਤ ਕਰਵਾਉਣ ਦੇ ਨਾਲ ਹੀ 'ਨੀਚਾ ਅੰਦਰਿ ਨੀਚ ਜਾਤਿ......'† ਆਦਿਕ ਵਾਕ ਰਾਹੀਂ ਨੀਵੀਆਂ ਅਥਵਾ ਅਛੂਤ ਬਣਾ ਦਿਤੀਆਂ ਗਈਆਂ ਜਾਤੀਆਂ ਨੂੰ ਉਤਾਂਹ ਉਠਾਣ ਦਾ ਦੋਹਰਾ ਨਾਦ ਬੁਲੰਦ ਕੀਤਾ। ਅਧਿਆਤਮੀ ਦੌੜ ਦਾ ਨਵਾਂ ਗਾਡੀ ਰਾਹ ਚਲਾਇਆ। "ਮਾਰਿਆ ਸਿੱਕਾ ਜਗਤ੍ਰ ਵਿਚਿ ਨਾਨਕ ਨਿਰਮਲ ਪੰਥ ਚਲਾਇਆ‡"। ਦੇਸ ਦੇ ਸਮੂਹਕ ਪਤਨਕਾਰੀ ਬ੍ਰਾਹਮਣਵਾਦ ਦੇ ਵਿਰੁੱਧ ਇਸ ਤੋਂ ਪਹਿਲਾਂ, ਗੁਰੂ ਬਾਬਾ ਜੀ ਤੋਂ ਦੋ ਕੁ ਹਜ਼ਾਰ ਸਾਲ ਪਹਿਲਾਂ ਜਥੇਬਦਕ ਜੈਨ ਤੇ ਬੁੱਧ ਧਰਮ ਦੇ ਪਿਛੋਂ ਮਧਕਾਲੀ ਇਤਿਹਾਸ ਦੀ ਭਗਤੀ ਲਹਿਰ ਦੇ ਰੂਪ ਵਿਚ ਵਿਅਕਤੀਗਤ ਜਹਾਦ ਭੀ ਅਸਫਲ ਹੋ ਚੁਕੇ ਸਨ।

---

○ ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੩

* ਆਸਾ ਮ: ੧, ਪੰਨਾ ੩੬੦, † ਸਿਰੀ ਰਾਗੁ ਮ: ੧, ਪੰਨਾ ੧੫

‡ ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੫



www.AKJ.Org

ਦੇਸ ਤੇ ਸਰਬੱਤ ਮਨੁੱਖਤਾ ਦੀ ਸਦੀਵਕਾਲੀ (ਸਰਬ-ਪਖੀ) ਕਲਿਆਣ ਦੀ ਸਿੱਖੀ ਦੀ ਇਸ ਜਥੇਬੰਦਕ ਕਰਮ-ਪ੍ਰਣਾਲੀ (ਉਪ੍ਰੇਟਿਵ ਸਿਸਟਮ) ਨੂੰ ਦਸੋਂ ਗੁਰੂ ਜਯੋਤੀਆਂ ਨੇ ਨਿਯਮਕ ਤੇ ਕੁਦਰਤੀ ਵਿਕਾਸ (ਐਵੋਲਯੂਜ਼ਨ) ਦੇ ਅਸੂਲ ਅਨੁਸਾਰ ਦੋ ਕੁ ਸੌ ਸਾਲ ਵਿਚ ਸੰਪੂਰਨ ਤੇ ਸੁਦ੍ਰਿੜ੍ਹ ਕੀਤਾ।

ਬਾਜਾਂ ਵਾਲੇ ਸਾਹਿਬ ਜੀ! ਆਪ ਨੇ ਅਜ ਤੋਂ ਦੋ ਸੌ ਚੋਰਾਨਵੇਂ ਕੁ ਸਾਲ ਪਹਿਲਾਂ, ਪੰਥ ਖਾਲਸਾ ਜੀ ਦੀ ਸਾਜਨਾ ਕਰ ਕੇ, "ਖਾਲਸਾ ਅਕਾਲ ਪੁਰਖ ਕੀ ਫੌਜ" ਦੀ ਸਦੀਵੀ ਸਥਾਪਨਾ ਕਰ ਕੇ, ਇਸ ਦੇਸ਼ ਤੇ ਮਨੁੱਖਤਾ ਦੀ ਸਦੀਵਕਾਲੀ ਸਰਬ-ਪੱਖੀ ਕਲਿਆਣ ਦਾ ਸ਼ਾਹਰਾਹ (ਪੰਥ) ਰੂਪਮਾਨ ਕਰ ਦਿੱਤਾ।

ਆਦਿ ਗੁਰੂ ਬਾਬਾ ਜੀ ਤੇ ਨੀਲੇ ਸ਼ਾਹਸਵਾਰ ਗੁਰੂ ਦੇਵ ਜੀ! ਆਪ ਦੀ, ਗੁਰੂ ਘਰ ਦੀ ਇਸ ਰੱਬੀ-ਦੇਣ ਨੇ ਪਿਛਲੇ ਪੰਜ ਕੁ ਸੌ ਸਾਲਾਂ ਦੀ ਹੋਂਦ ਵਿਚ, ਦੇਸ਼ ਅਤੇ ਮਨੁੱਖਤਾ ਦੀ ਦੇਸ਼-ਦਿਸ਼ਾਂਤਰਾਂ ਅੰਦਰ ਜੋ ਬਹੁਪੱਖੀ ਸੇਵਾ ਕੀਤੀ ਤੇ ਕਰ ਰਹੀ ਹੈ, ਇਤਿਹਾਸ ਉਸ ਦਾ ਗਵਾਹ ਹੈ। ਖ਼ਾਸ ਕਰਕੇ ਅਠਾਰ੍ਹਵੀਂ ਸਦੀ ਈਸਵੀ ਤੋਂ ਲੈ ਕੇ ਅੱਜ ਤਕ ਗੁਰੂ ਘਰ ਨੇ ਰਿਸ਼ੀਆਂ, ਮੁਨੀਆਂ, ਗੁਰੂਆਂ, ਭਗਤਾਂ, ਸੂਫ਼ੀ ਮਹਾਂ-ਪੁਰਸ਼ਾਂ, ਆਦਿਕ ਦੀ ਇਸ ਪਵਿੱਤਰ ਮਾਤਰ-ਭੂਮੀ ਦੀ ਬਹੁਪ੍ਰਕਾਰੀ ਕਲਿਆਣ ਲਈ, ਇਸ ਦੀ ਗੁਲਾਮੀ ਕੱਟਣ ਲਈ, ਅਛੂਤ-ਉਧਾਰ ਲਈ, ਦੇਸ਼ ਭਗਤੀ ਦਾ ਸਬਕ ਦ੍ਰਿੜ੍ਹ ਕਰਵਾਣ ਲਈ ਜੋ ਜੋ ਕਠਿਨ ਘਾਲਣਾਂ ਘਾਲੀਆਂ, ਰੌਂਗਟੇ ਖੜੇ ਕਰ ਦੇਣ ਵਾਲੀਆਂ ਬਲੀਆਂ ਦਿੱਤੀਆਂ, ਇਨ੍ਹਾਂ ਬਹੁ-ਪ੍ਰਕਾਰੀ ਕਠਿਨ ਘਾਲਣਾਂ ਦਾ ਭੀ ਇਤਿਹਾਸ ਜ਼ਿਆਦਾ ਸਪਸ਼ਟ ਰੂਪ ਵਿਚ ਗਵਾਹ ਹੈ। ਇਥੋਂ ਤਕ ਕਿ ਵਰਤਮਾਨ ਕਾਲ ਵਿਚ ਮਹਾਂਰਿਸ਼ੀ ਅਰਵਿੰਦੋ ਘੋਸ, ਪ੍ਰੋ: ਟਾਇਨਬੀ, ਪ੍ਰਲੋਕਵਾਸੀ ਰਾਸ਼ਟਰਪਤੀ ਜ਼ਾਕਿਰ-ਹੁਸੈਨ ਵਰਗੇ ਬੀ.ਸੀ.ਓ. ਦਾ ਵਿਦਵਾਨ, ਤੇ ਮਹਾਨ ਵਿਅਕਤੀਆਂ ਨੇ ਇਥੋਂ ਤਕ ਸਾਖ ਭਰੀ ਹੈ ਕਿ ਇਸ ਦੇਸ਼ ਵਿਚ ਸਰਬ-ਸਾਂਝੀ ਹਿੰਦੁਸਤਾਨੀ ਕੌਮੀਅਤ ਤੇ ਦੇਸ਼-ਭਗਤੀ ਦਾ ਖਾਕਾ ਹੀ ਪਹਿਲੀ ਵੇਰ ਗੁਰੂ-ਘਰ ਨੇ ਉਲੀਕਿਆ ਤੇ ਸਾਕਾਰ ਕੀਤਾ। ਇਸੇ ਕਾਰਨ, ਫ਼ੌਜਾਂ ਵਾਲਿਓ ਸਤਿਗੁਰੂ ਜੀ! ਆਪ ਦੇ ਸਾਜੇ ਨਿਵਾਜੇ ਪੰਥ ਖਾਲਸਾ ਜੀ ਨੇ ਇਸ ਅਭਾਗੇ, ਪਾਕ-ਪਵਿੱਤਰ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ਾਂ ਵਿਚ, ਹਰੇਕ ਖੇਤਰ ਅੰਦਰ ਬੱਬਰ-ਸ਼ੇਰਾਂ ਵਾਲੀ ਅਹੂਤੀ ਪਾਈ।

ਆਖਰ ਅੱਜ ਤੋਂ ਪੈਂਤੀ ਕੁ ਸਾਲ ਪਹਿਲਾਂ ਅਜ਼ਾਦੀ ਮਿਲੀ ਤਾਂ ਉਹੋ ਦਕੀਆਨੂਸੀ ਬ੍ਰਾਹਮਣਵਾਦੀ ਬਹੁਗਿਣਤੀਆ-ਸਮਾਜ ਤੇ ਵਿਚਾਰਧਾਰਾ, ਤਥਾ ਬਣੀਆ-ਬਿਰਤੀ-ਸ਼ਕਤੀਆਂ ਇਸ ਦੀ ਕਿਸਮਤ ਤੇ ਹੋਣੀ ਉਤੇ ਸਵਾਰ ਹੋ ਬੈਠੀਆਂ। ਮਨੁੱਖਤਾ ਤੇ ਇਸ ਦੇਸ਼ ਦੇ ਦੁਸ਼ਟ-ਦਮਨ ਰਖਵਾਲੇ ਪਾਤਸ਼ਾਹ ਜੀਉ, ਨਤੀਜਾ ਇਹ ਹੈ, ਕਿ ਪਿਛਲੇ ਸਾਢੇ ਤਿੰਨ ਕੁ ਦਹਾਕਿਆਂ ਵਿਚ ਹੀ ਸਰਕਾਰੀ ਸ਼ਾਸਨ ਦੇ ਹਰੇਕ ਖੇਤਰ ਵਿਚ ਅਥਵਾ 'ਜੈਸਾ ਰਾਜਾ ਤੈਸੀ ਪਰਜਾ' ਦੀ ਕਹਾਵਤ ਅਨੁਸਾਰ, ਆਮ ਪਬਲਿਕ ਅੰਦਰ ਭਰਿਸ਼ਟਾਚਾਰ ਦੀ ਬਦਬੂ ਪਸਰ ਚੁੱਕੀ ਹੈ, ਤੇ ਇਹ ਪੋਟੇ ਪੋਟੇ ਤੇ ਸਿਖ਼ਰ ਤੋਂ ਹੇਠਾਂ ਤਕ ਹੈ। ਬਾਵਜੂਦ ਤਰ੍ਹਾਂ ਤਰ੍ਹਾਂ ਦੇ ਬੇਅਸਰ ਤੇ ਬੇ-ਅਮਲ ਅਛੂਤ ਉਧਾਰ ਕਾਨੂੰਨਾਂ ਦੇ ਅਖੌਤੀ ਹਰੀਜਨਾਂ, ਯਾਨੀ ਅਛੂਤ-ਜਾਤੀਆਂ ਦੀ, ਪੰਜਾਬ ਤੋਂ ਬਾਹਰ ਦੇ ਰਾਜਾਂ ਵਿਚ ਉਹੋ ਪੁਰਾਣੀ, ਬਲਕਿ ਕਈ ਪਹਿਲੂਆਂ ਵਿਚ, ਪੇਂਡੂ ਹਲਕਿਆਂ ਵਿਚ, ਉਸ ਤੋਂ ਭੀ ਭੈੜੀ ਦੁਰਦਸ਼ਾ ਹੋ ਰਹੀ ਹੈ। ਗੁਰੂ ਗਰੀਬਨਿਵਾਜ, ਗੁਰੂ ਬਾਬਾ ਜੀ! ਇਹ ਵੇਖ ਕੇ ਆਪ ਦਾ ਇਤਿਹਾਸਕ ਪਵਿੱਤਰ ਵਾਕ, ਜਿਸ ਵਿਚ ਜਨਤਾ ਦੀ ਪੁਕਾਰ ਦਾ ਭਿਆਨਕ ਦ੍ਰਿਸ਼ ਸਾਕਾਰ ਹੈ, "ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ"* ਚੇਤੇ ਆਉਂਦਾ ਹੈ। ਵੇਖੋ ਪਾਤਸ਼ਾਹ! ਇਸ "ਜਿਨ੍ ਮਨਿ ਹੋਰੁ, ਮੁਖਿ ਹੋਰੁ ॥† ਵਾਲੇ ਸਮਾਜ ਨੇ ਰਾਸ਼ਟਰਪਿਤਾ ਭੀ ਉਸ ਵਿਅਕਤੀ ਨੂੰ ਥਾਪਿਆ ਹੈ ਜੋ ਪ੍ਰਚਾਰ ਤਾਂ ਕਰਦਾ ਹੈ "ਅਛੂਤਪੁਣਾ ਪ੍ਰਮੇਸ਼ਰ ਤੇ ਮਨੁੱਖਤਾ ਦੇ ਵਿਰੁੱਧ ਪਾਪ ਹੈ" (ਵੇਖੋ ਅੰਤਰਦੇਸ਼ੀ ਲਿਫ਼ਾਫ਼ਿਆਂ ਤੇ ਛਪਿਆ) ਪਰ ਖ਼ੁਦ ਵਰਣਾਸ਼ਰਮ ਦਾ ਕਾਇਲ ਸੀ।

---

* ਆਸਾ ਮ. ੧, ਪੰਨਾ ੩੬੦, † ਆਸਾ ਸ਼ੇਖ ਫ਼ਰੀਦ ਜੀਉ, ਪੰਨਾ ੪੮੮



www.AKJ.Org

ਗੁਰੂ ਦੇਵ ਜੀ ! ਹੋਰ ਤਾਂ ਹੋਰ, ਇਨ੍ਹਾਂ ਗੁਰੂ ਘਰ ਦੇ ਮੁਢ-ਕਦੀਮੀ ਦੋਖੀ ਅਨਸਰਾਂ ਤੇ ਹਕੂਮਤੀ ਸ਼ਕਤੀਆਂ ਨੇ ਪੰਥ ਖਾਲਸਾ ਜੀ ਦਾ ਬਹੁ-ਪੱਖੀ ਸੁਤੰਤਰ ਵਿਅਕਤੀਤਵ ਹੀ ਮਿਟਾ ਦੇਣ ਦੇ, ਤੇ ਮੁੜ ਬ੍ਰਾਹਮਣ-ਵਾਦੀ ਦਕੀਆਨੂਸੀ ਸਮਾਜ ਵਿਚ ਨਿਘਾਰ ਲੈਣ ਦੇ ਭਾਂਤੋ ਭਾਂਤੀ ਮਨਸੂਬੇ ਮੁੱਢ ਤੋਂ ਹੀ ਬਣਾ ਰੱਖੇ ਹਨ। ਗੁਰੂ ਬਾਬਾ ਜੀ ! ਕਿਉਂਕਿ ਬ੍ਰਾਹਮਣਵਾਦ ਦੀ ਸਮਾਜ ਤੇ ਮਨੁੱਖਤਾ ਘਾਤਕ ਹਜ਼ਾਰਾਂ ਬਰਸਾਂ ਦੀ ਇਸ ਅਭਾਗੇ ਦੇਸ ਵਿਚ, ਜੰਮੀ ਹੋਈ ਸਰਦਾਰੀ ਉਤੇ ਕੇਵਲ ਆਪ ਦੇ ਗੁਰੂ ਘਰ ਨੇ ਹੀ ਹੁਣ ਤਕ ਜਥੇਬੰਦਕ ਭਾਰੀ ਚੋਟ ਕਰਨ ਦਾ ਸਦੀਵਕਾਲੀ ਬਾਨ੍ਹਣੂ ਬੱਧਾ ਹੈ, ਇਸੇ ਵਜੋਂ ਮੁੱਢ ਤੋਂ ਹੀ ਗੁਰੂ-ਘਰ ਨਾਲ ਹੁਣ ਤਕ ਟੱਕਰ ਜਾਰੀ ਰਖੀ ਹੈ। ਗੁਰੂ ਦੇਵ ਜੀ ! ਆਪ ਜੀ ਨੂੰ 'ਕੁਰਾਹੀਆ' ਗਰਦਾਨ ਕੇ, ਸਮਾਜ ਅੰਦਰ ਭੰਡਣ ਵਾਲੇ ਇਹੋ ਹੀ ਭੱਦਰ ਪੁਰਸ਼ ਸਨ। ਅਤੇ ਨੇੜੇ ਦੇ ਭੂਤਕਾਲ, ਪਿਛਲੀ ਸਦੀ ਦੀ ਅੰਤਮ ਚੌਥਾਈ ਵਿਚ ਗੁਰੂ ਘਰ ਦੀ ਇਹੋ ਦੋਖੀ ਵੈਦਕ-ਧਰਮੀ ਬ੍ਰਾਹਮਣਵਾਦੀ ਵਿਚਾਰਧਾਰਾ, ਸਾਧੂ ਦਇਆ-ਨੰਦ ਰਾਹੀਂ, ਲਾਹੌਰ ਵਿਚ 'ਆਰੀਆ ਸਮਾਜ' ਦੇ ਰੂਪ ਵਿਚ ਵਜੂਦ ਵਿਚ ਆਈ। ਸਿੱਖ ਧਰਮ ਦੇ ਜਥੇਬੰਦਕ ਸੁਤੰਤਰ ਸਰੂਪ ਨੂੰ ਖ਼ਤਮ ਕਰਨ ਲਈ, ਇਸ ਨੇ ਅਜ ਤਕ ਸਿੱਖ ਪੰਥ ਦਾ ਖਹਿੜਾ ਨਹੀਂ ਛਡਿਆ। ਇਨ੍ਹਾਂ ਸੁਆਰਥੀ ਲੋਕਾਂ ਨੇ ਹੀ ਮੁਸਲਿਮ ਦੇਸ਼-ਵਾਸੀ ਭਰਾਵਾਂ ਵਿਰੁੱਧ ਨਫ਼ਰਤ ਦਾ ਨਿਰੰਤਰ ਢੋਲ ਵਜਾ ਕੇ, ਅਲੱਗ ਦੇਸ਼ ਬਣਾ ਲੈਣ ਲਈ ਮਜਬੂਰ ਕੀਤਾ। ਤੇਰੇ ਪੰਥ ਨਾਲ ਭੀ ਹੁਣ ਉਹੋ ਕੁਝ ਹੋ ਰਿਹਾ ਹੈ। ਗੁਰੂ ਪਿਤਾ ਜੀ ! ਆਜ਼ਾਦੀ ਆਉਣ ਤੋਂ ਤਾਂ, ਕੇਂਦਰੀ ਤੇ ਸਟੇਟ ਹਕੂਮਤੀ ਸ਼ਕਤੀਆਂ ਦੇ ਬਲ ਬੋਤੇ ਇਨ੍ਹਾਂ ਪੱਖਵਾਦੀਆਂ ਦੀਆਂ ਬਿਲਕੁਲ ਖੁਲ੍ਹੀਆਂ ਵਾਗਾਂ ਹੋ ਗਈਆਂ ਹਨ। ਕੇਂਦਰੀ ਸ਼ਾਸਨ ਦੀ ਭੀ ਇਨ੍ਹਾਂ ਨੂੰ ਪੂਰੀ ਪੂਰੀ ਹਮਾਇਤ ਹੀ ਨਹੀਂ, ਸਗੋਂ ਅਗਵਾਈ ਭੀ ਹਾਸਲ ਹੈ।

ਸਤਿਗੁਰੂ ਜੀ, ਇਸ ਪ੍ਰਥਾਏ ਸਾਰੇ ਸੰਸਾਰ ਦੇ ਸਾਹਮਣੇ ਪ੍ਰਤੱਖ ਇਕ ਮਿਸਾਲ ਹੈ। ਬੋਗਸ ਨਿਰੰਕਾਰੀ ਟੋਲੇ ਨੇ ਜੋ ਆਪਦੇ ਪੁੱਤਰਾਂ ਤੋਂ ਪਿਆਰੇ ਸਿੰਘਾਂ ਦਾ, ਵਿਸਾਖੀ ੧੯੭੮ ਉਤੇ ਸ੍ਰੀ ਅੰਮ੍ਰਿਤਸਰ ਵਿਚ, ਪਿਛੋਂ ਕਾਨਪੁਰ ਤੇ ਦਿੱਲੀ ਵਿਚ ਘਾਤ ਕੀਤਾ, ਉਹ ਸਾਰਾ ਘ੍ਰਿਣਾਤਮਕ, ਭਿਆਨਕ ਖ਼ੂਨੀ ਡਰਾਮਾ, ਦੋਖੀ ਅਨਸਰਾਂ ਦੀ ਮਿਲੀ-ਭੁਗਤ ਨਾਲ, ਦਿੱਲੀ ਵਲੋਂ ਹੀ ਤਾਂ ਰਚਿਆ ਗਿਆ ਸੀ। ਇਸ ਤੋਂ ਪਿਛੋਂ, ਸ੍ਰੀ ਦਸਮੇਸ਼ ਪਿਤਾ ਜੀ ! ਤਿਆਰ-ਬਰ-ਤਿਆਰ ਸਿੰਘਾਂ ਉਤੇ ਜੋ ਜੋ ਕਹਿਰ, ਅਤਿਆਚਾਰ, ਜ਼ੋਰ, ਜ਼ੁਲਮ ਪਿਛਲੇ ਲੰਮੇ ਸਮੇਂ ਤੋਂ ਹਕੂਮਤ ਵਲੋਂ ਕੀਤੇ ਜਾ ਰਹੇ ਹਨ, ਇਹ ਸਭ ਘ੍ਰਿਣਤ ਹਕੂਮਤੀ ਕਾਰਵਾਈ ਇਸੇ ਕਦੀਮੀ ਗਿਣੀ ਮਿਥੀ ਸਾਜ਼ਸ਼ ਦੀ ਹੀ ਕੜੀ ਹੈ।

ਜਾਣੀ ਜਾਣ ਸਤਿਗੁਰੂ ਸਚੇ ਪਾਤਸ਼ਾਹ ਜੀ, ਪੰਥ ਦੀ ਨਿਰਾਲੀ ਵਿਚਾਰਧਾਰਾ ਨੂੰ ਬਦਲਣ ਅਤੇ ਅੰਮ੍ਰਿਤ-ਪ੍ਰਚਾਰ ਰਾਹੀਂ ਖਾਲਸਈ ਜੀਵਨ-ਜੁਗਤ ਦਾ ਵਿਕਾਸ ਰੋਕਣ ਲਈ, ਇਨ੍ਹਾਂ ਪੰਥ-ਦੋਖੀ-ਸ਼ਕਤੀਆਂ ਨੇ, ਸਕੂਲੀ ਕਾਲਜੀ ਟੈਕਸਟ-ਬੁਕਾਂ ਰਾਹੀਂ, ਯੂਨੀਵਰਸਿਟੀਆਂ ਦੇ ਕੋਰਸਾਂ ਰਾਹੀਂ, ਪੰਥ-ਧ੍ਰੋਹੀ ਗ਼ੈਰਸਿੱਖ ਲੇਖਕਾਂ ਦੀਆਂ ਕਿਤਾਬਾਂ/ਲਿਖਤਾਂ ਰਾਹੀਂ, ਸਿਨੇਮਿਆਂ, ਪਿਕਚਰਾਂ, ਰੇਡੀਓ ਤੇ ਟੈਲੀਵੀਯਨ ਪ੍ਰੋਗਰਾਮਾਂ ਤੇ ਪ੍ਰਸਾਰਨਾਂ ਆਦਿ ਰਾਹੀਂ ਸਿੱਖੀ ਦਾ ਤੇ ਸਭਿਆਚਾਰ ਆਦਿ ਦਾ ਮੂੰਹ-ਮੁਹਾਂਦਰਾ ਵਿਗਾੜਨ ਦਾ ਪੂਰਾ ਪ੍ਰੋਗਰਾਮ ਬਣਾ ਰਖਿਆ ਹੈ। ਪਰ ਪੰਜਾਬ, ਤਥਾ ਸਿੱਖ ਪੰਥ ਦੀ ਰਿਵਾਇਤੀ ਖੁਸ਼ਹਾਲੀ ਨੂੰ ਭੀ, ਦੇਸ ਦੀ ਬਾਕੀ ਕੰਗਾਲੀ ਦੀ ਨੀਵੀਂ ਪੱਧਰ ਉਤੇ ਖਿਚ ਲਿਜਾਣ ਦੇ ਤਰ੍ਹਾਂ ਤਰ੍ਹਾਂ ਦੇ ਮਨਸੂਬੇ ਬਣਾਣ ਤੇ ਅਮਲ ਵਿਚ ਲਿਆਉਣ ਦੇ ਭੀ ਹਕੂਮਤੀ ਮਨਸੂਬੇ ਚਾਲੂ ਹਨ। ਜਿਵੇਂ ਕਿ ਪੰਜਾਬ ਦੇ ਹੱਕੀ ਦਰਿਆਈ ਪਾਣੀ ਖੋਹਣ ਦੀ, ਪੰਜਾਬ-ਸਿੰਧ ਬੈਂਕ ਨੂੰ ਹਕੂਮਤੀ ਕਬਜ਼ੇ ਵਿਚ ਲੈ ਲੈਣ ਦੀ, ਪੰਜਾਬ ਵਿਚ ਕੈਪੀਟਲ ਇੰਡਸਟਰੀ ਲਗਾਣ ਦੀ ਥਾਂ ਬੈਂਕਾਂ ਵਿਚ ਜਮ੍ਹਾਂ ਸਰਮਾਇਆ ਭੀ ਦੂਜੀਆਂ ਸਟੇਟਾਂ ਵਿਚ ਸਨਅਤਾਂ ਲਾਣ ਲਈ ਖਿੱਚ ਲਿਜਾਣ ਦੀ, ਯੂ. ਪੀ. (ਤਰਾਈ) ਆਦਿਕ ਥਾਵਾਂ ਵਿਚੋਂ ਪੰਜਾਬੀ ਕਿਸਾਨਾਂ (ਸਿੱਖਾਂ) ਨੂੰ ਉਜਾੜਨ ਦੀ, ਖੇਤੀ ਉਪਜ ਦੀਆਂ ਡੀਜ਼ਲ-ਖਾਦਾਂ,



www.AKJ.Org

ਬਿਜਲੀ ਆਦਿ ਚੀਜ਼ਾਂ ਦੀ ਲੱਕ-ਤੋੜ ਮਹਿੰਗਾਈ ਆਦਿ ਦੀਆਂ ਮਿਸਾਲਾਂ ਪ੍ਰਤੱਖ ਹਨ। ਖੇਤੀ ਉਪਜ ਦੀਆਂ ਕੀਮਤੀ ਜਿਨਸਾਂ ਤਾਂ ਪੰਜਾਬ ਵਿਚ ਹੋਣ, ਪਰ ਉਨ੍ਹਾਂ ਦੇ ਮਨ-ਮਰਜ਼ੀ ਦੇ ਸਸਤੇ ਭਾਉ-ਰੇਟ ਦਿੱਲੀ ਤੋਂ ਮੁਕੱਰਰ ਹੋਣ, ਕਿਆ ਤਮਾਸ਼ਾ ਹੈ ! ਦਾਨ-ਦੁਨੀਆ ਦੇ ਵਾਲੀ ਸਾਹਿਬ ਜੀ ! ਪ੍ਰੈਸ ਵਿਚ ਛਪੇ ਇਕ ਤਾਜ਼ੇ ਸਰਵੇਖਣ ਅਨੁਸਾਰ ਪੰਜਾਬ ਵਿਚ ਭੀ ਇਸ ਵੇਲੇ ਯਾਰਾਂ ਲੱਖ ਕਿਸਾਨ-ਟੱਬਰ ਗਰੀਬੀ ਦੀ ਲਾਇਨ ਤੋਂ ਹੇਠਾਂ ਹਨ।

ਫ਼ੌਜਾਂ ਵਾਲੇ ਗੁਰੂ ਪਿਤਾ ਜੀ, ਆਖ਼ਰ ਆਪਦੇ ਪੰਥ ਖਾਲਸਾ ਜੀ ਨੇ ਹੋਰ ਸਾਰੇ ਅਪੀਲੀ-ਦਲੀਲੀ ਹੀਲੇ ਵਸੀਲੇ ਵਰਤ ਕੇ, ਹਾਰ ਹੰਭ ਕੇ, ਕੋਈ ਚਾਰਾ ਨਾ ਰਹਿ ਜਾਣ ਤੇ, ਪਿਛਲੇ ਪੈਂਤੀ ਕੁ ਸਾਲਾਂ ਦੇ ਧੱਕੇ-ਧੋੜੇ ਖਾ ਕੇ, ਲਗਾਤਾਰ ਪੰਥ-ਦੋਖੀ ਵਿਤਕਰੇ ਤੇ ਧੱਕੇਸ਼ਾਹੀ ਬੇਇਨਸਾਫੀਆਂ ਤੋਂ ਤੰਗ ਆ ਕੇ, ਆਪਣੇ ਪੰਥਕ ਵਿਅਕਤੀਤਵ ਦੀ ਰਖਿਆ ਲਈ, ਪੰਥ ਦੀ ਆਨ ਸ਼ਾਨ ਤੇ ਅਣਖ ਬਹਾਲ ਰਖਣ ਹਿੱਤ, ਪਿਛਲੇ ਦਸ ਕੁ ਮਹੀਨਿਆਂ ਤੋਂ ਇਕ ਤਰ੍ਹਾਂ ਦਾ ਅੰਤਮ 'ਧਰਮ ਯੁਧ' ਮੋਰਚਾ ਲਾ ਰਖਿਆ ਹੈ। ਇਸ ਸਮੇਂ ਤਕ ਡੇਢ ਲੱਖ ਦੇ ਕਰੀਬ ਆਪਦੇ ਨਾਮ-ਲੇਵਾ, ਗੁਰੂ ਕੇ ਲਾਲ ਗ੍ਰਿਫਤਾਰੀਆਂ ਦੇ ਚੁਕੇ ਹਨ, ਡੇਢ ਸੌ ਦੇ ਕਰੀਬ ਸ਼ਹੀਦੀਆਂ ਪਾ ਚੁੱਕੇ ਹਨ, ਤੇ ਝੂਠੇ ਪੁਲਿਸੀ-ਮੁਕਾਬਲਿਆਂ ਵਿਚ ਅਨੇਕਾਂ ਗੋਲੀਆਂ ਦੇ ਨਿਸ਼ਾਨੇ ਬਣਾਏ ਜਾ ਚੁਕੇ ਹਨ।

ਦਾਤਾਰ ਗੁਰੂ ਪਿਤਾ ਜੀ ! ਆਮ ਸਰੋਤ ਹੈ, ਕਿ ਪੰਜਾਬ ਵਿਚੋਂ ਪਿਛਲੇ ਦਿਨੀਂ ਅਸਤੀਫ਼ਾ ਦੇ ਕੇ ਗਿਆ ਇਕ ਰਾਜਪਾਲ, ਭੂਤਪੂਰਵ ਮੁੱਖ-ਮੰਤਰੀ ਆਂਧਰਾ ਪ੍ਰਦੇਸ਼, ਨਕਸਲਾਈਟਾਂ ਨੂੰ ਆਪਣੀ ਰਿਆਸਤ ਵਿਚ, ਪੁਲਿਸ ਨਾਲ ਮੁਕਾਬਲੇ ਦਾ ਬਹਾਨਾ ਬਣਾ ਕੇ ਗੋਲੀ ਮਾਰ ਕੇ ਖ਼ਤਮ ਕਰ ਦੇਣ ਦੀ ਖਾਸ ਸ਼ੁਹਰਤ ਰਖਦਾ ਸੀ, ਸ਼ਾਇਦ ਇਸੇ ਕਰਕੇ ਥੋੜਾ ਸਮਾਂ ਹੀ ਪਹਿਲਾਂ ਪੰਜਾਬ ਦਾ ਗਵਰਨਰ ਲਾਇਆ ਗਿਆ ਸੀ। ਇਹ ਭੀ ਕੰਨਸੋ ਹੈ, ਉਸਨੇ, ਚੀਫ ਮਨਿਸਟਰ ਦੇ ਉਤੋਂ ਦੀ, ਇਸ ਪ੍ਰਥਾਏ ਕੇਂਦਰੀ ਹੋਮ ਮਨਿਸਟਰੀ ਵਿਚ, ਅਥਵਾ ਪ੍ਰਧਾਨ-ਮੰਤਰੀ ਜੀ ਨੂੰ ਸਿਧੀਆਂ ਗੁਪਤ ਰਪੋਟਾਂ ਭੇਜ ਕੇ ਇਸੇ ਤਰ੍ਹਾਂ ਜ਼ੁਲਮੀ ਕਾਰਾ ਪੰਜਾਬ ਵਿਚ ਭੀ ਨਿਰਦੋਸ਼ ਸਿੰਘਾਂ ਦੇ ਕਤਲਾਂ ਦਾ ਕਰਵਾਇਆ, ਐਨ ਉਸੇ ਤਰ੍ਹਾਂ ਜਿਵੇਂ ਵਿਸਾਖੀ ੧੯੭੮ ਨੂੰ ਨਿਰੰਕਾਰੀਆਂ ਵਲੋਂ ਸਿੰਘਾਂ ਦੇ ਖ਼ੂਨ ਦੀ ਹੋਲੀ ਖੇਲਨ ਤੋਂ ਪਹਿਲਾਂ ਦਿੱਲੀ ਤੋਂ ਸਟੇਟ ਦਾ ਸਿੱਖਨੁਮਾ ਇਕ ਕੱਟੜ ਨਿਰੰਕਾਰੀ (ਚੀਫ ਸੈਕਟਰੀ) ਤੇ ਹੋਰ ਆਈ. ਏ. ਐਸ., ਡੀ. ਸੀ. ਗੁਰਦਾਸਪੁਰ ਆਦਿਕ ਤੇ ਪੁਲਿਸੀ ਸੀ. ਆਈ. ਡੀ. ਅਮਲੇ ਫ਼ੈਲੇ ਵਿਚ ਇਨ੍ਹਾਂ ਹਤਿਆਰੇ ਅਨਸਰਾਂ ਦੀ ਘੁਸਪੈਠ ਕਰਵਾਈ ਗਈ ਸੀ।

ਪਰ, ਗੁਰੂ ਦੇਵ ਜੀ, ਇਨ੍ਹਾਂ ਸਿੰਘ-ਮਾਰੂ ਹਤਿਆਰੇ ਖ਼ੂਨੀ ਕਾਂਡਾਂ ਦੀ ਕੌਣ ਨਿਰਪੱਖ ਪੜਤਾਲ ਕਰਕੇ ਸੱਚ ਨੂੰ ਨਿਤਾਰੇ ? ਦਿੱਲੀ ਨੇ ਤਾਂ ਇਸ ਤਰ੍ਹਾਂ ਦੀਆਂ ਆਪਣੀਆਂ ਪੁਲਿਟੀਕਲ ਘ੍ਰਿਣਤ ਜ਼ੁਲਮੀ ਕਰਤੂਤਾਂ ਨੂੰ ਢੱਕੀ ਰੱਖਣ ਵਾਸਤੇ 'ਆਫ਼ੀਸ਼ਲ ਸੀਕਰਿਟਸ ਕਾਨੂੰਨ' ਦੀ ਸੰਜੋਅ ਪਹਿਨ ਰੱਖੀ ਹੈ। ਬੋਗਸ ਨਿਰੰਕਾਰੀ ਸਿੰਘ ਮਾਰੂ ਆਪਣੀ ਏਜੰਸੀ ਦੇ ਲਿਖਤੀ ਕੰਟਰੈਕਟ ਨੂੰ ਭੀ ਇਨ੍ਹਾਂ ਹੀ ਸੀਕਰਿਟ ਐਕਟ ਦੇ ਲੋਹ-ਕਿਵਾੜਾਂ ਅੰਦਰ ਬੰਦ ਕਰ ਰਖਿਆ ਦਸੀਦਾ ਹੈ।

ਪਰ, ਅੰਤਰਯਾਮੀ ਜਾਣੀ-ਜਾਣ ਪਿਤਾ ਜੀ ! ਆਪ ਤਾਂ ਇਨ੍ਹਾਂ ਸਾਰੇ ਗੁੱਝੇ ਭੇਤਾਂ ਤੋਂ ਜਾਣੂ ਹੀ ਹੋ, ਕਰੋ ਪਰਦਾ ਫ਼ਾਸ਼ ਇਨ੍ਹਾਂ ਜ਼ੁਲਮੀ ਕਹਿਰਾਂ ਦਾ ਕਿਸੇ ਤਰ੍ਹਾਂ। "ਬੇਕਸਾਂ ਰਾ ਯਾਰ ਗੁਰੂ ਗਬਿੰਦ ਸਿੰਘ" ਜੀ, ਆਪਣੀ ਕਲਾ ਵਰਤਾਓ।

ਗੁਰੂ ਗਰੀਬ ਨਿਵਾਜ ਜੀ ! ਇਸ ਦਾਸਰੇ ਦੇ ਸਨਮੁਖ ਇਸ ਪ੍ਰਥਾਏ ਸ਼ਹਾਦਤੀ ਸ਼ੰਕੇ ਮੌਜੂਦ ਹਨ। ਇਧਰੋਂ ਮੋਰਚੇ ਦੇ ਸਤਿਕਾਰ ਯੋਗ ਮੁਖੀਆਂ ਵਲੋਂ ਪੂਰੀ ਸ਼ਾਂਤਮਈ ਵਰਤੀ ਜਾ ਰਹੀ ਹੈ। ਪ੍ਰਸਪਰ ਪੁਰ-ਦਲੀਲ ਵਿਚਾਰ-ਵਿਮਰਸ਼ ਦੇ ਕਈ ਸੈਸ਼ਨਾਂ ਰਾਹੀਂ ਦਿੱਲੀ ਹਕੂਮਤੀ ਤੇ ਵਿਰੋਧੀ ਪੱਖ ਦੇ ਦੇਸ਼ ਨੇਤਾਵਾਂ ਨਾਲ ਪਿਛਲੇ ਡੇਢ ਕੁ ਸਾਲ ਤੋਂ ਹੀ ਕਈ ਬੈਠਕਾਂ ਹੋ ਚੁੱਕੀਆਂ ਹਨ। ਪਰ ਇਹ ਸਾਰੇ ਯਤਨ ਹੁਣ ਤਕ ਕਤਈ ਨਿਸਫਲ


www.AKJ.Org

ਰਹੇ ਹਨ।

ਪਰ, ਜਾਣੀ-ਜਾਣ ਸਤਿਗੁਰੂ ਜੀ, ਇਸ ਲੰਮੇ ਪੰਥਕ ਮੋਰਚੇ ਦਾ ਇਕ ਲਾਭ ਅਵੱਸ਼ ਹੋਇਆ ਹੈ। ਤਕਰੀਬਨ ਸਾਰੇ ਨਾਮਵਰ ਬ੍ਰਾਹਮਣ ਵਿਚਾਰਧਾਰਾ ਦੇ ਪਾਬੰਦ ਤੇ ਧਾਰਨੀ ਦੇਸ਼ ਨੇਤਾਵਾਂ ਦੇ ਮਨਾਂ ਵਿਚ ਸਿੱਖ-ਵਿਰੋਧੀ ਭਾਵਨਾਵਾਂ ਅਜੇ ਤਕ ਬਹੁਤ ਨੰਗੀਆਂ ਨਹੀਂ ਹੋਈਆਂ ਸਨ, ਇਸ ਮੋਰਚੇ ਦੇ ਜੁਲਾਬ ਨਾਲ ਉਹ ਸਭ ਪ੍ਰਤੱਖ ਪ੍ਰਗਟ ਹੋ ਗਈਆਂ ਹਨ। ਸਭ ਤੋਂ ਪ੍ਰਿਥਮ ਤਾਂ ਇਨ੍ਹਾਂ ਲੋਕਾਂ ਨੇ ਦੇਸ਼ ਦੇ ਵਿਧਾਨ ਵਿਚ ਹੀ ਦੇਸ਼ ਆਜ਼ਾਦ ਹੋਣ ਸਾਰ ਹੀ, ਆਪਦੇ ਨਿਰਾਲੇ ਤੇ ਸੁਤੰਤਰ ਸਿੱਖ ਪੰਥ ਨੂੰ ਹਿੰਦੂ ਸਮਾਜ ਦਾ ਹੀ ਇਕ ਅੰਗ ਬਣਾ ਕੇ ਰੱਖਣ ਦੀ ਨੀਂਹ ਪੱਕੀ ਕਰ ਲਈ ਸੀ (ਧਾਰਾ ਨੰ: ੨੫)! ਉਸੇ ਅਨੁਸਾਰ ਹੀ ਹੁਣ ਤਕ ਹਕੂਮਤ ਵਲੋਂ ਅਮਲ ਹੁੰਦਾ ਆ ਰਿਹਾ ਹੈ––ਸਤਿਗੁਰੂ ਜੀ! ਆਪ ਹੀ ਜਾਣੋ, ਪੰਥ ਦੇ ਆਗੂਆਂ ਦਾ ਹੁਣ ਤਕ ਭੀ ਇਸ ਬੁਨਿਆਦੀ ਧੱਕੇ ਨੂੰ ਪਹਿਲੇ ਨੰਬਰ ਤੇ ਦੂਰ ਕਰਵਾਣ ਵਲ ਧਿਆਨ ਕਿਉਂ ਨਹੀਂ ਗਿਆ ਅਤੇ ਇਸ 'ਧਰਮਯੁਧ' ਮੋਰਚੇ ਦੇ ਭਖਣ ਉਤੇ ਹਰੇਕ ਨਾਮਵਰ ਹਿੰਦੂ ਨੇਤਾ ਬਾਂਗਾਂ ਦੇਣ ਲਗ ਪਿਆ ਹੈ: "ਸਿੱਖ ਤਾਂ ਹਿੰਦੂ ਹੀ ਹਨ, ਮੰਨ ਲਓ ਕੇਸਾਧਾਰੀ ਪਤਿੱਤ ਹਿੰਦੂ ਹਨ, ਇਹ ਤਾਂ ਹਿੰਦੂ ਸਮਾਜ ਨੇ ਇਕ 'ਆਪਤੀ-ਕਾਲ' (ਬਿਪਤਾ ਦੇ ਵਕਤ) ਆਪਣੀ ਰਖਿਆ ਵਾਸਤੇ ਆਰਜ਼ੀ ਤੌਰ ਤੇ ਇਕ ਤਲਵਾਰਰੀਆ ਸ਼੍ਰੇਣੀ ਖੜੀ ਕੀਤੀ ਸੀ, ਹੁਣ ਇਸਦੀ ਲੋੜ ਹੀ ਕੀ ਹੈ? ਇਨ੍ਹਾਂ ਦੇ ਅਲੱਗ ਹੱਕ ਜਾਂ ਘੱਟ-ਗਿਣਤੀਏ (ਮਿਨਾਰਿਟੀ) ਹੱਕ ਮੰਗਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਹ ਤਾਂ ਹਿੰਦੂ ਹੀ ਹਨ, ਇਤਿਆਦਿ।"

ਸੋ ਚੰਗਾ ਹੀ ਹੋਇਆ, ਮੋਰਚੇ ਦੇ ਜੁਲਾਬ ਨਾਲ ਇਨ੍ਹਾਂ ਦੀਆਂ ਸਿੱਖ ਪੰਥ ਪ੍ਰਤੀ ਸਾਰੀਆਂ ਮੰਦ ਭਾਵਨਾਵਾਂ ਬਾਹਰ ਆ ਗਈਆਂ ਹਨ। ਹੁਣ ਕਿਸੇ ਭੀ ਸਿੱਖ ਨੂੰ, ਭਾਵੇਂ ਉਹ 'ਮਾਡਰੇਟ ਹੋਵੇ' ਕਿ 'ਮਿਲਵਰ-ਤਨੀਆ', ਪੰਜਾਬ ਦੇ ਅੰਦਰ ਕਿ ਬਾਹਰ ਵਸਦਾ ਹੋਵੇ, ਸਿੱਖਾਂ ਦੀ ਸੁਤੰਤਰ ਹੋਂਦ ਸਥਾਪਤ ਕਰ ਦੇਣ ਦੀ ਇਨ੍ਹਾਂ ਪੰਥ-ਦੋਖੀ ਹਿੰਦੂ ਨੇਤਾਵਾਂ ਦੀ ਬੁਰੀ ਨੀਯਤ ਬਾਰੇ ਕਤਈ ਸ਼ੱਕ ਨਹੀਂ ਰਹਿ ਗਿਆ ਹੋਵੇਗਾ। ਹੁਣ ਹਰੇਕ ਸਿੱਖ ਵੀਰ ਦੀ ਪੰਥ ਦੇ ਭਵਿੱਖਤ ਬਾਰੇ ਸੋਚਣੀ ਸਾਫ਼ ਹੋ ਗਈ ਹੋਵੇਗੀ।

**ਅੰਤਮ ਅਰਦਾਸ–**

ਅੰਤ ਤੇ ਇਹ ਸਨਿਮਰ ਅਰਦਾਸ ਹੈ, ਪੰਥ ਦੇ ਵਾਲੀ ਜੀ, ਹੁਣ ਤਾਂ ਮੇਹਰ ਕਰੋ, ਆਪਣੀ ਧੁਰ ਦਰਗਾਹ ਤੋਂ ਪ੍ਰਾਪਤ ਕੀਤੀ ਸੰਜੀਵਨੀ, ਅੰਮ੍ਰਿਤ ਦੇ ਖੁਲ੍ਹੇ ਗੱਫੇ ਵਰਤਾ ਕੇ, ਸਮੁਚੇ ਸਿੱਖ ਜਗਤ ਵਿਚ ਸਮੂਹਿਕ ਖਾਲਸਈ ਜੀਵਨ ਚਰਿੱਤਰ ਦਾ ਪੁਨਰ-ਨਿਰਮਾਣ ਕਰੋ। ਉਤੋਂ ਤੋਂ ਹੇਠਾਂ ਤਕ ਤਿਆਰ-ਬਰ-ਤਿਆਰ ਖਾਲਸਈ ਜੀਵਨ-ਜੁਗਤ ਸਿੱਖ ਸਮਾਜ 'ਚ ਦ੍ਰਿੜ ਕਰਾਵੋ ਜੀ। ਸਰਬੱਤ ਖਾਲਸਾ ਜੀ ਨੂੰ, ਲੀਡਰਾਂ ਤੋਂ ਲੈ ਕੇ ਹੇਠਾਂ ਤਕ, ਤਪ ਤੇ ਤਿਆਗ, ਸੇਵਾ ਤੇ ਸਿਮਰਨ ਦੇ ਖਾਲਸਈ ਗੁਣ ਬਖਸ਼ੋ, ਨਾਮ ਤੇ ਬਾਣੀ ਨਾਲ ਜੋੜੋ, ਅੰਮ੍ਰਿਤ ਵੇਲੇ ਦੀ ਸੰਭਾਲ ਪਰਪੱਕ ਕਰਾਓ ਜੀ।

ਬਿਰਦਪਾਲ ਬਖਸ਼ਿੰਦ ਗੁਰੂ ਪਿਤਾ ਜੀ! ਜਿਵੇਂ ਆਪ ਨੇ ਇਸ 'ਧਰਮ-ਯੁੱਧ' ਮੋਰਚੇ ਨੂੰ ਠੀਕ ਸੇਧ ਦੇਣ ਲਈ ਪੰਥ-ਮੁਖੀਆਂ ਵਿਚ ਪੰਥਕ ਏਕਤਾ ਬਖਸ਼ੀ ਹੈ, ਇਵੇਂ ਹੀ ਸਰਬੱਤ ਸਿੱਖ ਪੰਥ ਅੰਦਰ ਸਿੰਘਊ ਜੀਵਨ-ਜੁਗਤ ਦਾ ਪੁਨਰ-ਵਿਕਾਸ ਬਖਸ਼ ਕੇ ਆਪਣੀ ਕਲਾ ਵਰਤਾਓ, ਬਿਰਦ ਦੀ ਲਾਜ ਰੱਖੋ। ਆਪ ਦਾ ਬਿਰਦ ਹੈ, ਸਤਿਗੁਰੂ ਜੀ, "ਖਾਲਸਾ ਪੰਥ ਹੈ ਖੇਤੀ ਮੇਰੀ, ਕਰਉ ਸੰਭਾਲ ਸਦਾ ਤਿਸ ਕੇਰੀ"। ਆਪਣੀ ਇਸ ਵਚਿਤ੍ਰ ਖੇਤੀ, ਪੰਥ ਖਾਲਸੇ ਦੀ ਆਪ ਹੀ ਸਦੀਵਕਾਲ ਸੰਭਾਲ ਕਰੋ ਜੀ। ਬਾਜਾਂ ਵਾਲੇ ਸਤਿਗੁਰੂ ਜੀ! ਭਾਈ ਮਹਾਂ ਸਿੰਘ ਜੀ, ਚਾਲੀ ਮੁਕਤਿਆਂ ਤੇ ਸ਼ਹੀਦ ਸਿੰਘਾਂ ਦਾ ਵਾਸਤਾ ਪਾ ਗਿੜਗਿੜਾ ਕੇ ਅਰਦਾਸ ਬੇਨਤੀ ਹੈ,ਸਾਡੀ ਟੁੱਟੀ ਗੰਢੋ, ਮੁੜ ਆਪਣੇ ਨਾਲ ਜੋੜੋ, ਸ਼ਹੀਦ ਬਜ਼ੁਰਗਾਂ ਵਾਲੇ 'ਦਲ ਖਾਲਸਾ' ਦਾ ਹੀ ਪ੍ਰਤੀਕ ਸ਼੍ਰੋਮਣੀ ਅਕਾਲੀ ਦਲ ਨੂੰ ਹੁਣ ਬਣਾ ਦਿਉ। ਪੰਥ ਖਾਲਸਾ ਹੁਣ ਤਿਆਰ ਬਰ-ਤਿਆਰ ਹੋ ਕੇ ਆਪ ਦੀ ਆਗਿਆ ਵਿਚ, ਨਾ ਕੇਵਲ ਆਪਣੀ ਹੀ ਹੋਣੀ ਨਵੇਂ ਸਿਰੇ ਉਲੀਕਣ ਦੇ ਸਮਰਥ ਹੋਵੇ, ਸਗੋਂ ਇਸ ਭਰਿਸ਼ਟਾਚਾਰ-ਗ੍ਰਸਤ ਦੇਸ਼ ਦੀ ਪੁਨਰ-ਕਲਿਆਣ


www.AKJ.Org

## ਸਹਿਮਤੀ

[ਸ: ਸਾਧੂ ਸਿੰਘ ਜੀ ਹਮਦਰਦ, ਰੋਜ਼ਾਨਾ ਅਜੀਤ, ਜਲੰਧਰ]

ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਆਪਣੇ ਪੰਜਾਬ-ਦੌਰੇ ਦੌਰਾਨ ਸਿਖਾਂ ਦੀ ਬਹੁਤ ਸ਼ਲਾਘਾ ਕੀਤੀ। ਇਹਨਾਂ ਨੂੰ ਭਾਰਤ ਦੇ ਉਸਰੀਏ ਤੇ ਰਖਿਅਕ ਕਰਾਰ ਦਿਤਾ ਅਤੇ ਸਿਖਾਂ ਦਾ ਜ਼ਿਕਰ ਕਰਦੇ ਹੋਏ ਕਿਹਾ, "ਸਿਖ ਕੌਮ"। ਉਨ੍ਹਾਂ ਨੇ ਵਾਰ ਵਾਰ 'ਸਿਖ ਕੌਮ' ਦਾ ਸ਼ਬਦ ਵਰਤਿਆ। ਅਕਾਲੀ ਦਲ ਵੀ ਤਾਂ ਇਹੋ ਕਹਿੰਦਾ ਹੈ ਕਿ ਸਿਖ ਇਕ "ਕੌਮ" ਹੈ---ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਤੇ ਅਕਾਲੀ ਦਲ ਵਿਚ ਇਹ ਤਾਂ ਸਹਿਮਤੀ ਹੋਈ ਕਿ "ਸਿਖ ਇਕ ਕੌਮ ਹੈ"।

## ਦੋ ਸਿਖ ਫੌਜੀਆਂ ਦਾ ਵਹਿਸ਼ੀਆਨਾ ਕਤਲ

### ਸੰਤ ਜੀ ਵਲੋਂ ਦੋਸ਼ੀ ਅਫ਼ਸਰ ਵਿਰੁਧ ਐਕਸ਼ਨ ਦੀ ਮੰਗ

ਅੰਮ੍ਰਿਤਸਰ ੨੦ ਜੂਨ—ਅਕਾਲੀ ਦਲ ਦੇ ਪਰਧਾਨ ਸੰਤ ਲੌਂਗੋਵਾਲ ਨੇ ਅਜ ਫਿਰ ਇਹ ਇਲਜ਼ਾਮ ਦੁਹਰਾਇਆ ਕਿ ਪਿਛਲੇ ਦਿਨੀਂ ਦੋ ਸਿਖ ਫ਼ੌਜੀਆਂ ਨੂੰ ਤਸੀਹੇ ਦੇ ਕੇ ਕਥਿਤ ਤੌਰ ਤੇ ਕਤਲ ਕੀਤਾ ਗਿਆ। ਸੰਤ ਜੀ ਨੇ ਇਸ ਘਟਨਾ ਦਾ ਪਿਛੋਕੜ ਦਸਦਿਆਂ ਕਿਹਾ ਕਿ ਇਕ ਗ਼ੈਰ-ਸਿਖ ਫੌਜੀ ਦੀ ਸਟੇਨਗੰਨ ਚੋਰੀ ਹੋ ਗਈ ਅਤੇ ਇਸ ਸਟੇਨਗੰਨ ਦੀ ਚੋਰੀ ਦੇ ਸੰਬੰਧ ਵਿਚ ਉਸ ਫੌਜੀ ਵਿਰੁਧ ਐਕਸ਼ਨ ਲੈਣ ਦੀ ਥਾਂ ਕਮਾਂਡਿੰਗ ਅਫ਼ਸਰ ਨੇ ਪੰਜ ਅੰਮ੍ਰਿਤਧਾਰੀ ਸਿਖ ਨੌਜਵਾਨਾਂ ਨੂੰ ਫੜ ਕੇ ਗ਼ੈਰ-ਸਿਖ ਫ਼ੌਜੀਆਂ ਕੋਲੋਂ ਇੰਨੀ ਬੁਰੀ ਤਰ੍ਹਾਂ ਕੁਟਵਾਇਆ ਕਿ ਉਹਨਾਂ ਵਿਚੋਂ ਦੋ ਸਿਖ ਫੌਜੀਆਂ ਸੀਤਲ ਸਿੰਘ ਅਤੇ ਬੀਰ ਸਿੰਘ ਦੀ ਮੌਤ ਹੋ ਗਈ।

ਸੰਤ ਜੀ ਨੇ ਦਸਿਆ ਕਿ ਇਹਨਾਂ ਸਿਖ ਫੌਜੀਆਂ ਨੂੰ ਤਰਸਾ ਤਰਸਾ ਕੇ ਮਾਰਿਆ ਗਿਆ। ਪੋਸਟ ਮਾਰਟਮ ਤੋਂ ਪ੍ਰਗਟ ਹੈ ਕਿ ਇਹਨਾਂ ਨਾਲ ਵਹਿਸ਼ਿਆਨਾ ਵਰਤਾਓ ਕੀਤਾ ਗਿਆ। ਸੰਤ ਜੀ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਕਾਰਵਾਈਆਂ ਅਸਹਿ ਹਨ। ਸੰਤ ਜੀ ਨੇ ਮੰਗ ਕੀਤੀ ਕਿ ਇਹ ਭਿਅੰਕਰ ਜ਼ੁਲਮ ਕਰਨ ਵਾਲੇ ਅਫ਼ਸਰ ਵਿਰੁਧ ਸਖ਼ਤ ਐਕਸ਼ਨ ਲਿਆ ਜਾਵੇ ਅਤੇ ਉਸ ਤੇ ਕਤਲ ਦਾ ਮੁਕੱਦਮਾ ਕੀਤਾ ਜਾਵੇ। ਸੰਤ ਜੀ ਨੇ ਕਿਹਾ ਕਿ ਜੋ ਸਟੇਨਗੰਨ ਚੋਰੀ ਹੋਈ ਸੀ ਉਹ ਅੰਤ ਉਸ ਗੈਰ-ਸਿਖ ਫੌਜੀ ਤੋਂ ਬਰਾਮਦ ਹੋਈ ਹੈ। ਸੰਤ ਜੀ ਨੇ

---

ਹਿਤ ਤੇ ਸਰਬੱਤ ਮਨੁੱਖ ਮਾਤਰ ਦੀ ਸੇਵਾ ਹਿਤ, ਸਰਬੱਤ ਦੇ ਭਲੇ ਵਾਲੇ ਮਹਾਨ ਖਾਲਸਾ ਧਰਮ-ਸਿਧਾਂਤ ਦੇ ਅਧਾਰ ਉਤੇ ਧਰਮ ਦਾ ਰਾਜ ਸਥਾਪਨ ਕਰਨ ਲਈ, ਸ਼ਹੀਦੀਆਂ ਪਾਣ ਦੇ ਚਾਉ-ਉਮਾਉ ਵਿਚ ਤਤਪਰ ਹੋਵੇ। ਗੁਰੂ-ਘਰ ਦੀਆਂ ਸਰਬੱਤ ਸ਼੍ਰੇਣੀਆਂ, ਸੰਪ੍ਰਦਾਵਾਂ ਨੂੰ ਇਕ ਲੜੀ ਵਿਚ ਪਰੋ ਕੇ, ਖ਼ੁਦ ਮੁਹੈਲੀ, ਸੇਵਾ ਕਰਨ ਦਾ ਰੋਲ ਅਦਾ ਕਰਨ ਦੀ ਬਖਸ਼ੀਸ਼ ਖਾਲਸਾ ਜੀ ਨੂੰ ਕਰੋ। ਗੁਰੂ ਦੇਵ ਜੀ ! ਬਹੁਤ ਜ਼ਲੀਲ ਹੋ ਚੁਕੇ ਹਾਂ, ਆਪਦੇ ਸੱਚੇ ਸੁਚੇ ਸਿੱਖੀ ਸਿਦਕ ਦੇ ਦ੍ਰਿੜ੍ਹ ਕਰਵਾਏ ਰਸਤੇ ਤੋਂ ਭਟਕ ਕੇ ਕਾਫ਼ੀ ਸਜ਼ਾ ਭੁਗਤ ਚੁਕੇ ਹਾਂ, "ਅਬ ਕਿਛੁ ਕਿਰਪਾ ਕੀਜੈ"*। ਗੁਰੂ ਪਿਤਾ ਜੀ, ਹੁਣ ਮੁੜ ਆਪਣੀ ਉਂਗਲੀ ਫੜਾਓ। ਖਾਲਸਾ ਜੀ ਦੇ ਬੋਲ ਬਾਲੇ ਹੋਣ, ਚੜ੍ਹਦੀ ਕਲਾ ਹੋਵੇ। ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹ।

* ਧਨਾਸਿਰੀ ਮ: ੩ ਘਰੁ ੪, ਪੰਨਾ ੬੬੬



www.AKJ.Org

ਭਾਰਤ ਸਰਕਾਰ ਤੇ ਰੱਖਿਆ-ਮੰਤਰਾਲੇ ਨੂੰ ਦੋਸ਼ੀਆਂ ਵਿਰੁਧ ਸਖ਼ਤ ਐਕਸ਼ਨ ਲੈਣ ਲਈ ਕਿਹਾ ਹੈ।

ਅਜੀਤ, ੨੧-੬-੮੩

## ਆਖ਼ਿਰ ਅਸਲੀਅਤ ਕੀ ਹੈ ? (ਐਡੀਟੋਰੀਅਲ)

ਸਾਡੇ ਦੇਸ਼ ਵਿਚ ਹੋਰ ਕਿਸੇ ਥਾਂ ਤੇ ਡਸਿਪਲਿਨ ਹੋਵੇ ਜਾਂ ਨਾ, ਫ਼ੌਜ ਵਿਚ ਤਾਂ ਡਸਿਪਲਿਨ ਮੌਜੂਦ ਹੈ ਅਤੇ ਕਿਹਾ ਜਾਂਦਾ ਹੈ ਕਿ ਉਥੇ ਹਰ ਕੰਮ ਕਾਇਦੇ ਕਾਨੂੰਨ ਅਨੁਸਾਰ ਹੁੰਦਾ ਹੈ। ਫ਼ੌਜ ਵਿਚ ਜੇ ਕੋਈ ਗ਼ਲਤੀ ਕਰੇ ਤਾਂ ਉਸ ਦਾ ਕੋਰਟ-ਮਾਰਸ਼ਲ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸਾਡੀ ਫੌਜ ਦੀ ਸਾਖ ਹੈ ਤੇ ਫੌਜੀ ਹੋਣ ਤੇ ਫ਼ਖ਼ਰ ਕੀਤਾ ਜਾਂਦਾ ਹੈ। ਲੋਕ ਵੀ ਫੌਜ ਦੀ ਇਜ਼ਤ, ਮਾਨ ਤੇ ਸਤਿਕਾਰ ਕਰਦੇ ਹਨ। ਫਿਰ ਇਹ ਫੌਜ ਹੀ ਹੈ ਜੋ ਹਰ ਮੁਸ਼ਕਲ ਸਮੇਂ ਦੇਸ਼ ਵਾਸੀਆਂ ਦੇ ਕੰਮ ਆਂਦੀ ਹੈ। ਫੌਜ ਬਿਦੇਸ਼ੀ ਹਮਲਾ ਰੋਕਦੀ ਅਤੇ ਉਸ ਦਾ ਉਤਰ ਵੀ ਦਿੰਦੀ ਹੈ, ਪਰ ਦੇਸ਼ ਵਿਚ ਜੇ ਅਮਨ ਤੇ ਕਾਨੂੰਨ ਦੀ ਹਾਲਤ ਬਹੁਤ ਖ਼ਰਾਬ ਹੋ ਜਾਏ, ਕੋਈ ਕੁਦਰਤੀ ਆਫ਼ਤ ਆ ਜਾਏ ਤਾਂ ਫੌਜ ਨੂੰ ਹੀ ਮਦਦ ਲਈ ਸਦਿਆ ਜਾਂਦਾ ਹੈ। ਇਸ ਲਈ ਫੌਜ ਬਾਰੇ ਕੁਝ ਲਿਖਣ ਤੋਂ ਹਮੇਸ਼ਾ ਸੰਕੋਚ ਕੀਤਾ ਜਾਂਦਾ ਹੈ ਤੇ ਉਸ ਨੂੰ ਵਾਦ ਵਿਵਾਦ ਤੇ ਰਾਜਨੀਤੀ ਤੋਂ ਦੂਰ ਰਖਣ ਦਾ ਯਤਨ ਕੀਤਾ ਜਾਂਦਾ ਹੈ। ਇਹ ਹੀ ਕਾਰਨ ਹੈ ਕਿ ਜਿਥੇ ਭਾਰਤ ਦੇ ਗਵਾਂਢੀ ਰਾਜਾਂ ਤੇ ਨੇੜੇ ਤੇੜੇ ਫੌਜ ਨੇ ਆਪਣੇ ਹੱਥ ਵਿਖਾਏ, ਉਥੇ ਭਾਰਤ ਵਿਚ ਫੌਜ ਆਪਣੀ ਥਾਂ ਤੇ ਹੀ ਰਹੀ। ਉਸ ਨੇ ਕਦੀ ਅਗੇ ਆਉਣ ਦਾ ਯਤਨ ਨਹੀਂ ਕੀਤਾ।

ਪਰ ਕੁਝ ਘਟਨਾਵਾਂ ਅਜਿਹੀਆਂ ਹੁੰਦੀਆਂ ਹਨ ਜਿਹਨਾਂ ਦਾ ਨੋਟਿਸ ਲਿਆ ਜਾਣਾ ਜ਼ਰੂਰੀ ਹੈ। ਕੁਝ ਸਮਾਂ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦੋਸ਼ ਲਗਾਇਆ ਕਿ ਇਕ ਬਿਸਤਰਾ ਜਾਂ ਸਟੇਨਗੰਨ ਦੀ ਚੋਰੀ ਦੇ ਸਿਲਸਿਲੇ ਵਿਚ ੫ ਫੌਜੀਆਂ ਨੂੰ ਐਨੀ ਮਾਰ ਕੁਟਾਈ ਕੀਤੀ ਗਈ ਕਿ ਇਕ ਸੀਤਲ ਸਿੰਘ ਦੀ ਮੌਤ ਹੋ ਗਈ। ਦੂਜਾ ਬੀਰ ਸਿੰਘ ਸਖ਼ਤ ਫਟੜ ਹੋਇਆ ਤੇ ਤਿੰਨ ਲਾਪਤਾ ਹਨ। ਇਹ ਦੋਸ਼ ਬੜਾ ਗੰਭੀਰ ਸੀ।—ਇਹ ਦੋਸ਼ ਇਕ ਜ਼ੁਮੇਵਾਰ ਪਾਰਟੀ ਦੇ ਜ਼ੁਮੇਵਾਰ ਲੀਡਰ ਵਲੋਂ ਲਗਾਇਆ ਗਿਆ ਸੀ, ਇਸ ਲਈ ਇਸ ਨੂੰ ਅਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਸੀ। ਫੌਜੀ ਅਧਿਕਾਰੀਆਂ ਨੇ ਇਸ ਸੰਬੰਧੀ ਇਹ ਕਿਹਾ ਕਿ ਉਹਨਾਂ ਨੇ ਸੀਤਲ ਸਿੰਘ ਤੇ ਬੀਰ ਸਿੰਘ ਪਾਸੋਂ ਪੁਛ ਗਿਛ ਕੀਤੀ ਸੀ ਤਾਂ ਵਾਪਸੀ ਤੇ ਦੋਵੇਂ ਬੈਰਕਾਂ ਵਿਚ ਜਾ ਕੇ ਲੜ ਪਏ, ਜਿਸ ਵਿਚ ਸੀਤਲ ਸਿੰਘ ਦੀ ਮੌਤ ਹੋ ਗਈ ਤੇ ਬੀਰ ਸਿੰਘ ਸਖ਼ਤ ਫਟੜ ਹੋ ਗਿਆ। ਉਹਨਾਂ ਨੇ ਸੀਤਲ ਸਿੰਘ ਤੇ ਬੀਰ ਸਿੰਘ ਨੂੰ ਟਾਰਚਰ ਕੀਤੇ ਜਾਣ ਦਾ ਖੰਡਨ ਕੀਤਾ। ਪਰ ਕੁਝ ਲੋਗ ਅਜਿਹੇ ਹਨ ਜਿਹਨਾਂ ਦੇ ਸਾਹਮਣੇ ਇਹ ਘਟਨਾ ਹੋਈ ਤੇ ਉਹਨਾਂ ਨੇ ਰੋ ਰੋ ਕੇ ਇਹ ਦਸਿਆ ਕਿ ਕਿਸ ਤਰ੍ਹਾਂ ਫ਼ੌਜੀਆਂ ਨੂੰ ਬੰਨ੍ਹ ਕੇ ਲਿਆਂਦਾ ਗਿਆ ਤੇ ਫਿਰ ਉਹਨਾਂ ਤੇ ਜ਼ੁਲਮ ਦਾ ਸਿਲਸਿਲਾ ਸ਼ੁਰੂ ਹੋਇਆ। ਇਹ ਕਥਤ ਜ਼ੁਲਮ ਸਾਰੀ ਰਾਤ ਹੁੰਦਾ ਰਿਹਾ ਤੇ ਪੁਲਸ ਵਾਲੇ ਚੀਕਾਂ ਸੁਣਦੇ ਰਹੇ।

ਘਟਨਾ ਮਾਹਵਾ ਪਿੰਡ ਵਿਚ ਹੋਈ ਦਸੀ ਜਾਂਦੀ ਹੈ। ਇੰਡੀਅਨ ਐਕਸਪ੍ਰੈਸ ਅਤੇ ਇਕ ਹੋਰ ਅਖ਼ਬਾਰ ਨੇ ਇਸ ਬਾਰੇ ਜੋ ਅਖੀਂ ਡਿਠੇ ਹਾਲਾਤ ਛਾਪੇ ਹਨ, ਉਹ ਕਿਸੇ ਦੀਆਂ ਅਖਾਂ ਵਿਚ ਵੀ ਅਥਰੂ ਲਿਆ ਸਕਦੇ ਹਨ। ਫਿਰ ਜਿਹਨਾਂ ਲੋਕਾਂ ਨੇ ਇਹ ਘਟਨਾ ਵੇਖੀ, ਉਹਨਾਂ ਨੂੰ ਫ਼ੌਜ ਦੇ ਕਿਸੇ ਅਫ਼ਸਰ ਨਾਲ ਕੋਈ ਦੁਸ਼ਮਣੀ ਨਹੀਂ ਹੋ ਸਕਦੀ। ਉਹਨਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਜਿਹਨਾਂ ਨੂੰ ਮਾਰ-ਕੁਟਾਈ ਕੀਤੀ ਗਈ, ਉਹ ਕੌਣ ਸਨ। ਉਹਨਾਂ ਨੇ ਕੇਵਲ ਇਹ ਵੇਖਿਆ ਕਿ ਕੁਝ ਸਿਖ ਫੌਜੀਆਂ ਨੂੰ ਸਖ਼ਤ ਮਾਰ ਕੁਟਾਈ ਕੀਤੀ ਗਈ। ਉਹ ਇਹ ਕਹਿੰਦੇ ਰਹੇ ਕਿ ਉਹ ਬੇ-ਕਸੂਰ ਹਨ। ਉਹਨਾਂ ਨੂੰ ਕੁਝ ਪਤਾ ਨਹੀਂ ਕਿ ਚੋਰੀ ਕਿਸ ਨੇ ਕੀਤੀ। ਇਕ ਗਵਾਹ ਨੇ ਤਾਂ ਇਥੋਂ ਤਕ ਕਿਹਾ ਕਿ ਕੋਈ ਦੁਸ਼ਮਣ ਨਾਲ ਵੀ ਇਸ ਤਰ੍ਹਾਂ ਨਹੀਂ ਕਰਦਾ ਹੋਵੇਗਾ, ਜੋ ਕੁਝ ਇਹਨਾਂ ਜਵਾਨਾਂ ਨਾਲ ਕੀਤਾ ਗਿਆ। ਇਹਨਾਂ ਲੋਕਾਂ ਨੇ ਫ਼ੌਜ ਬਾਰੇ ਜੋ ਰਿਮਾਰਕਸ ਵੀ ਦਿਤੇ, ਉਹ ਅਸੀਂ ਨਹੀਂ ਦੇ ਰਹੇ। ਜਿਸ ਪਿੰਡ ਵਿਚ ਘਟਨਾ ਹੋਈ, ਉਸ ਪਿੰਡ ਦੇ ਲੋਗ ਚਿਲਾ ਚਿਲਾ ਕੇ ਕਹਿ ਰਹੇ ਹਨ ਕਿ



www.AKJ.Org

ਬਹੁਤ ਜ਼ੁਲਮ ਹੋਇਆ। ਉਹਨਾਂ ਲੋਕਾਂ ਨੂੰ ਝੂਠ ਬੋਲਣ ਦੀ ਕੀ ਲੋੜ ਹੈ? ਹੋ ਸਕਦਾ ਹੈ ਕਿ ਵਡੇ ਅਫਸਰਾਂ ਦੀ ਜਾਣਕਾਰੀ ਤੋਂ ਬਿਨਾਂ ਹੀ ਕਿਸੇ ਛੋਟੇ ਅਫਸਰ ਨੇ ਮਨਮਾਨੀ ਕੀਤੀ ਹੋਵੇ। ਉਸ ਨੇ ਸੋਚਿਆ ਹੋਵੇ ਕਿ ਉਹ 'ਚੋਰੀ ਦਾ ਮਾਲ ਬਰਾਮਦ' ਕਰਕੇ ਤਰੱਕੀ ਲੈ ਲਏਗਾ। ਪਰ ਗੱਲ ਇਸ ਦੇ ਉਲਟ ਹੋਈ। ਤਸ਼ੱਦਦ ਵਿਚ ਜਦ ਇਕ ਜਵਾਨ ਚਲ ਵਸਿਆ ਤਾਂ ਲੜਾਈ ਦੀ ਕਹਾਣੀ ਬਣਾ ਲਈ ਗਈ ਅਤੇ ਜੋ ਜਵਾਨ ਸਖ਼ਤ ਫਟੜ ਹੋਇਆ, ਉਸ ਦੇ ਫਟੜ ਹੋਣ ਤੇ ਵੀ ਪਰਦਾ ਪੈ ਗਿਆ।

ਇਹ ਮਾਮਲਾ ਅਕਾਲੀ ਦਲ ਨੇ ਤਾਂ ਆਪਣੇ ਹੱਥਾਂ ਵਿਚ ਲਿਆ ਹੈ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਵੀ ਇਸ ਦਾ ਸਖ਼ਤ ਨੋਟਿਸ ਲਿਆ ਹੈ। ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਵਲੋਂ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਰੱਖਿਆ ਮੰਤਰੀ ਨੂੰ ਤਾਰਾਂ ਭੇਜ ਕੇ ਮੰਗ ਕੀਤੀ ਗਈ ਹੈ ਕਿ ਇਸ ਘਟਨਾ ਦੀ ਉਚ ਪਧਰੀ ਜਾਂਚ ਕਰਵਾਈ ਜਾਏ ਤੇ ਜੋ ਅਫਸਰ ਇਸ ਲਈ ਕਸੂਰਵਾਰ ਹੈ, ਉਸ ਨੂੰ ਸਜ਼ਾ ਦਿਤੀ ਜਾਏ। ਅਕਾਲੀ ਦਲ ਨੇ ਆਪਣੇ ਤੌਰ ਤੇ ਇਕ ਕਮੇਟੀ ਵੀ ਮੁਕੱਰਰ ਕੀਤੀ ਹੈ ਜੋ ਸੰਬੰਧਤ ਪਿੰਡ ਵਿਚ ਜਾ ਕੇ ਇਸ ਗੱਲ ਦਾ ਜਾਇਜ਼ਾ ਲਏਗੀ ਕਿ ਅਸਲੀਅਤ ਕੀ ਹੈ ਅਤੇ ਆਪਣੀ ਰਿਪੋਰਟ ਸੰਤ ਲੌਂਗੋਵਾਲ ਨੂੰ ਪੇਸ਼ ਕਰੇਗੀ। ਇਸ ਘਟਨਾ ਨੇ ਜਿਸ ਵਾਦ-ਵਿਵਾਦ ਦਾ ਰੂਪ ਧਾਰਨ ਕੀਤਾ ਹੈ, ਉਹ ਇਸ ਗੱਲ ਦੀ ਮੰਗ ਕਰਦਾ ਹੈ ਕਿ ਇਸ ਘਟਨਾ ਦੀ ਉਚ ਪਧਰੀ ਜਾਂਚ ਹੋਣੀ ਚਾਹੀਦੀ ਹੈ।

ਕਿਸੇ ਅਫਸਰ ਨੂੰ ਇਹ ਅਧਿਕਾਰ ਪ੍ਰਾਪਤ ਨਹੀਂ ਕਿ ਉਹ ਕਾਨੂੰਨ ਨੂੰ ਆਪਣੇ ਹੱਥਾਂ ਵਿਚ ਲਵੇ। ਜਿਵੇਂ ਕਿ ਅਸੀਂ ਉਪਰ ਲਿਖਿਆ ਹੈ, ਫੌਜ ਦੇ ਆਪਣੇ ਕਾਇਦੇ ਕਾਨੂੰਨ ਹੁੰਦੇ ਹਨ ਤੇ ਹਰ ਅਫ਼ਸਰ ਦਾ, ਭਾਵੇਂ ਉਹ ਕਿਸੇ ਵੀ ਅਹੁਦੇ ਤੇ ਹੈ, ਫਰਜ਼ ਹੈ ਕਿ ਉਹ ਇਹਨਾਂ ਦੀ ਪਾਲਣਾ ਕਰੇ। ਜੇ ਕੋਈ ਨਹੀਂ ਕਰਦਾ ਤਾਂ ਉਹ ਡਸਿਪਲਿਨ ਦੀ ਉਲੰਘਣਾ ਕਰਦਾ ਹੈ। ਭਾਰਤ ਵਿਚ ਕੋਈ ਵੀ ਪਾਰਟੀ ਇਹ ਨਹੀਂ ਚਾਹੁੰਦੀ ਕਿ ਫੌਜ ਵਿਚ ਕਿਸੇ ਤਰ੍ਹਾਂ ਦੀ ਬੇਚੈਨੀ ਪੈਦਾ ਹੋਵੇ। ਸਗੋਂ ਹਰ ਪਾਰਟੀ ਫੌਜ ਨੂੰ ਵਾਦ-ਵਿਵਾਦ ਤੋਂ ਪਰੇ ਰਖਣਾ ਚਾਹੁੰਦੀ ਹੈ। ਇਸ ਲਈ ਉਪਰੋਕਤ ਘਟਨਾ ਦੀ ਝਟ ਪਟ ਪੜਤਾਲ ਹੋ ਕੇ ਅਸਲੀਅਤ ਬਾਹਰ ਆਉਣੀ ਚਾਹੀਦੀ ਹੈ। ਸਾਡੀ ਫੌਜ ਦੇ ਜੁਆਨ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਹੋਏ ਹਸੀ ਖੁਸ਼ੀ ਜਾਨਾਂ ਕੁਰਬਾਨ ਕਰ ਦਿੰਦੇ ਹਨ ਤਾਂ ਉਹ ਆਪਣਿਆਂ ਦੇ ਹੱਥੋਂ ਕਿਉਂ ਮਰਨ। ਉਹਨਾਂ ਦਾ ਖ਼ੂਨ ਐਨਾ ਸਸਤਾ ਨਹੀਂ ਹੈ ਕਿ ਬਹਿ ਜਾਏ ਤੇ ਕੋਈ ਪੁਛੇ ਹੀ ਨਾ। —ਅਜੀਤ, ੨੨-੬-੮੩

## *ਫੌਜੀ ਜਵਾਨਾਂ ਦਾ ਕਤਲ :*

## *ਗਿ: ਜ਼ੈਲ ਸਿੰਘ ਵਲੋਂ ਅਫ਼ਸਰਾਂ ਨੂੰ ਪੜਤਾਲ ਦੀ ਹਦਾਇਤ*

ਅੰਮ੍ਰਿਤਸਰ ੨੩ ਜੂਨ—(ਸ਼੍ਰੋਮਣੀ) ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਪਿੰਡ ਮੁਹਾਵਾ ਜ਼ਿਲਾ ਅੰਮ੍ਰਿਤਸਰ ਲਾਗੇ ਫੌਜੀ ਅਫਸਰਾਂ ਵਲੋਂ ਸਿਖ ਜਵਾਨਾਂ ਉਤੇ ਤਸ਼ੱਦਦ ਕਾਰਨ ਮੌਤ ਦਾ ਮੁਆਮਲਾ ਸੰਬੰਧਤ ਅਧਿਕਾਰੀਆਂ ਨੂੰ ਪੜਤਾਲ ਅਤੇ ਯੋਗ ਕਾਰਵਾਈ ਲਈ ਭੇਜ ਦਿਤਾ ਹੈ। ਇਸ ਗੱਲ ਦਾ ਪ੍ਰਗਟਾਵਾ ਰਾਸ਼ਟਰਪਤੀ ਦੇ ਪ੍ਰਾਈਵੇਟ ਸਕੱਤਰ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਸ: ਗੁਰਚਰਨ ਸਿੰਘ ਟੌਹੜਾ ਦੇ ਨਾਂ ਭੇਜੀ ਗਈ ਇਕ ਤਾਰ ਵਿਚ ਕੀਤਾ ਹੈ।

ਸ: ਟੌਹੜਾ ਨੇ ੨੧ ਜੂਨ ਨੂੰ ਰਾਸ਼ਟਰਪਤੀ ਨੂੰ ਤਾਰ ਰਾਹੀਂ ਦਸਿਆ ਸੀ ਕਿ ਸੈਕਿੰਡ ਲਾਈਟ ਇਨਫੈਨਟਰੀ ਦੇ ਅਧੀ ਦਰਜਨ ਦੇ ਕਰੀਬ 'ਨਿਰਦੋਸ਼' ਸਿਖ ਜਵਾਨਾਂ ਉਤੇ ਕੰਪਨੀ ਕਮਾਂਡਰ ਲੈਫਟੀਨੈਂਟ ਕਰਨਲ ਐਸ. ਪੀ. ਚਢਾ ਦੇ ਹੁਕਮ ਅਨੁਸਾਰ ਉਹਨਾਂ ਦੀ ਹਾਜ਼ਰੀ ਵਿਚ ਅੰਨ੍ਹਾ ਤਸ਼ੱਦਦ ਕੀਤਾ ਗਿਆ, ਜਿਸ



www.AKJ.Org

ਨੂੰ ਸਾਰੇ ਪਿੰਡ ਦੇ ਵਸਨੀਕਾਂ ਅਤੇ ਸਰਪੰਚ ਨੇ ਆਪਣੀ ਅੱਖੀਂ ਵੇਖਿਆ। ਸ: ਟੌਹੜਾ ਨੇ ਲਿਖਿਆ ਸੀ ਕਿ ਇਸ ਵਹਿਸ਼ੀਆਨਾ ਤਸ਼ੱਦਦ ਕਾਰਨ ਸਾਰੇ ਇਲਾਕੇ ਅਤੇ ਸਿਖ ਹਲਕਿਆਂ ਵਿਚ ਸਹਿਮ ਅਤੇ ਗੁਸਾ ਪਾਇਆ ਜਾਂਦਾ ਹੈ। ਉਹਨਾਂ ਮੰਗ ਕੀਤੀ ਸੀ ਕਿ ਫ਼ੌਜ ਅਤੇ ਦੇਸ਼ ਦੀ ਏਕਤਾ ਬਚਾਉਣ ਲਈ ਦੋਸ਼ੀ ਅਫਸਰ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਤਸ਼ੱਦਦ ਕਾਰਨ ਇਕ ਜਵਾਨ ਸੀਤਲ ਸਿੰਘ ਦੀ ਮੌਕੇ ਤੇ ਮੌਤ ਹੋ ਗਈ ਸੀ, ਜਦੋਂ ਕਿ ਇਕ ਹੋਰ ਜਵਾਨ ਬੀਰ ਸਿੰਘ ਹਸਪਤਾਲ ਲੈ ਜਾਣ ਸਮੇਂ ਦਮ ਤੋੜ ਗਿਆ ਸੀ। ਤਿੰਨ ਹੋਰ ਜਵਾਨਾਂ ਦਾ ਹਾਲੇ ਤਕ ਅਤਾ-ਪਤਾ ਨਹੀਂ ਹੈ। ਕਰਨਲ ਚਢਾ ਤੋਂ ਬਿਨਾਂ ਤਸ਼ੱਦਦ ਕਰਵਾਉਣ ਵਾਲੇ ਬਾਕੀ ਅਫਸਰਾਂ ਵਿਚ ਮੇਜਰ ਭਾਟੀਆ, ਕੈਪਟਨ ਐਮ. ਸੀ. ਸ਼ਰਮਾ, ਕੈਪਟਨ ਵੀ. ਸਲੋਤਰੀ, ਕੈਪਟਨ ਐਨ. ਕੇ. ਸ਼ਰਮਾ, ਸੂਬੇਦਾਰ ਮੇਜਰ ਗੁਰਦਿਤ ਸਿੰਘ ਅਤੇ ਸੂਬੇਦਾਰ ਮੇਜਰ ਪੂਰਨ ਸਿੰਘ ਹਨ। ਦੋਨੋਂ ਸੂਬੇਦਾਰ ਮੇਜਰ ਨਿਰੰਕਾਰੀ ਹਨ। ਇਸੇ ਤਰ੍ਹਾਂ ਦੀਆਂ ਤਾਰਾਂ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਅਤੇ ਰਖਿਆ ਮੰਤਰੀ ਸ੍ਰੀ ਆਰ ਵੈਂਕਟਰਮਨ ਨੂੰ ਵੀ ਦਿਤੀਆਂ ਗਈਆਂ ਹਨ। ਅਜੀਤ, ੨੪-੬-੮੩

## ਭਾਰਤ ਸਰਕਾਰ ਦੀ ਨੀਤੀ ਵਿਰੁਧ ਸਿੱਖਾਂ ਦਾ ਵਿਖਾਵਾ

### ਇੰਗਲੈਂਡ ਨਿਵਾਸੀਆਂ ਨੇ ਇੰਨਾ ਵਡਾ ਜਲੂਸ ਪਹਿਲਾਂ ਕਦੇ ਨਹੀਂ ਵੇਖਿਆ

ਰਿਪੋਰਟਰ : ਜੇ. ਐਸ. ਚੋਹਾਨ,... ਪਿਛਲੇ ਹਫਤੇ ਪੰਜਾਬੀਆਂ ਨਾਲ ਪੰਜਾਬ ਵਿਖੇ ਹੁੰਦੇ ਭਾਰਤ ਸਰਕਾਰ ਦੇ ਵਿਤਕਰੇ ਵਿਰੁਧ ਇੰਗਲੈਂਡ ਦੇ ਸਿਖਾਂ ਇਕ ਜਲੂਸ ਦੁਆਰਾ ਆਪਣੀ ਨਾਰਾਜ਼ਗੀ ਦਾ ਪ੍ਰਗਟਾਵਾ ਕੀਤਾ। ਇੰਗਲੈਂਡ ਭਰ ਦੇ ਗੁਰਦਵਾਰਿਆਂ ਅਤੇ ਸਿਖ ਸਭਾਵਾਂ ਵਲੋਂ ਇਕ ਵਿਸ਼ਾਲ ਜਲੂਸ ਦਾ ਪਰਬੰਧ ਕੀਤਾ ਗਿਆ, ਜਿਸ ਵਿਚ ੩੫ ਹਜ਼ਾਰ ਤੋਂ ਵਧ ਮਾਈ, ਭਾਈ, ਭੈਣਾਂ, ਵੀਰ ਅਤੇ ਬੁਜ਼ੁਰਗੀਆਂ ਭਾਗ ਲਿਆ। ਰੋਸ ਪ੍ਰਗਟਾਵੇ ਲਈ ਕਢੇ ਜਾਣ ਵਾਲੇ ਇਸ ਜਲੂਸ ਦਾ ਪਰਬੰਧ ਬਰਮਿੰਘਮ ਦੀ ਸੋਹੋ ਰੋਡ ਵਾਲੇ 'ਗੁਰੂ ਨਾਨਕ ਨਿਸ਼ਕਾਮ ਸੇਵਕ' ਗੁਰਦਵਾਰੇ ਵਲੋਂ ਕੀਤਾ ਗਿਆ। ਇਸ ਵਿਖਾਵੇ ਦਾ ਮੰਤਵ ਹਿੰਦ ਸਰਕਾਰ ਨੂੰ ਸੂਚਿਤ ਕਰਨਾ ਸੀ, ਕਿ ਕੇਵਲ ਅਕਾਲੀ ਪਾਰਟੀ ਹੀ ਪੰਜਾਬ, ਪੰਜਾਬੀਅਤ ਅਤੇ ਵਿਸ਼ੇਸ਼ ਕਰਕੇ ਸਿੱਖਾਂ ਲਈ ਯੋਗ ਮੰਗਾਂ ਨਹੀਂ ਕਰ ਰਹੀ, ਸਗੋਂ ਸੰਸਾਰ ਭਰ ਦੇ ਪੰਜਾਬੀ ਅਤੇ ਸਿੱਖ ਇਨ੍ਹਾਂ ਮੰਗਾਂ ਦੇ ਸਮਰਥਕ ਹਨ ਅਤੇ ਪੂਰਤੀ ਲਈ ਸੁਚੇਤ ਹਨ।........

ਇਹ ਜਲੂਸ ਦੋ ਮੀਲ ਤੋਂ ਵਧ ਲੰਮਾ ਸੀ। ਦੋ ਹਜ਼ਾਰ ਪੁਲਸਮੈਨ ਡੀਊਟੀ ਤੇ ਸਨ। ਇਕ ਹੈਲੀ-ਕਾਪਟਰ ਲਗਾਤਾਰ ਜਲੂਸ ਉਪਰ ਘੁੰਮਦਾ ਰਿਹਾ। ਮੁਜ਼ਾਹਰੀਨ ਸਾਰਾ ਰਸਤਾ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੇ ਜਾ ਰਹੇ ਸਨ। ਇਸ ਜਲੂਸ ਤੇ ੬੦ ਹਜ਼ਾਰ ਪੌਂਡ ਦਾ ਖ਼ਰਚਾ ਆਇਆ। ਵਿਖਾਵ ਵਿਚ ਦਿਲੀ ਦੇ ਅਕਾਲੀ ਲੀਡਰ ਬਖਸ਼ੀ ਜਗਦੇਵ ਸਿੰਘ ਅਤੇ ਡਾਕਟਰ ਰਵੀ ਸਿੰਘ ਵੀ ਉਚੇਚੇ ਤੌਰ ਤੇ ਪੁਜੇ ਸਨ, ਜਿਨ੍ਹਾਂ ਲੰਦਨ ਵਿਚ ਸਿੱਖਾਂ ਦਾ ਏਨਾ ਵੱਡਾ ਇਕੱਠ ਅਤੇ ਉਤਸ਼ਾਹ ਵੇਖ ਕੇ ਆਖਿਆ ਕਿ ਅਜਿਹੇ ਵਿਖਾਵੇ ਪੰਜਾਬ ਦੇ ਅਕਾਲੀ ਲੀਡਰਾਂ ਅਤੇ ਸਮੁਚੇ ਪੰਜਾਬੀਆਂ ਨੂੰ ਮੋਰਚੇ ਲਈ ਬੇਹੱਦ ਇਖ਼ਲਾਕੀ ਹੌਸਲਾ ਦੇਂਦੇ ਹਨ। ਇਹ ਵੀ ਸ਼ਾਇਦ ਸਿੱਖਾਂ ਦੇ ਸਿਦਕ ਦਾ ਹੀ ਚਮਤਕਾਰ ਸੀ ਕਿ ਜਿੰਨੀ ਦੇਰ ਜਲੂਸ ਲੰਦਨ ਦੀਆਂ ਸੜਕਾਂ ਥਾਣੀ ਲੰਘ ਕੇ ਭਾਰਤੀ ਹਾਈ ਕਮਿਸ਼ਨਰ ਨੂੰ ਰੋਸ ਪਤਰ ਨਹੀਂ ਸੀ ਦੇ ਚੁਕਿਆ, ਅਕਾਸ਼ ਸਾਫ ਰਿਹਾ; ਜਦੋਂ ਕਿ ਜਲੂਸ ਸਮਾਪਤ ਹੁੰਦਿਆਂ ਹੀ ਮੋਹਲੇਧਾਰ ਮੀਂਹ ਪੈਣ ਲਗ ਪਿਆ। ਅਜੀਤ ੨੨-੬-੮੩

## ਜਲੰਧਰ ਬੰਬ-ਧਮਾਕੇ ਵਿਚ ਦੋ ਹਲਾਕ ਇਕ ਫਟੜ

### ਬੰਬ ਪ੍ਰਤਾਪ ਦੇ ਦਫ਼ਤਰ ਵਿਚ ਪਾਰਸਲ ਵਿਚ ਭੇਜਿਆ ਗਿਆ

### ਚੰਡੀਗੜ੍ਹ ਕਾਂਗ੍ਰਸ ਭਵਨ ਰਿ ਵੀ ਬੰਬ, ਬੰਬ ਫਟ ਨਾ ਸਕਿਆ

ਅਜੀਤ ੨੫-੬-੮੩



www.AKJ.Org

## ਜਲੰਧਰ ਵਿਚ ਪੁਲਸ ਵਲੋਂ ਹਵਾਈ ਫਾਇਰਿੰਗ ਤੇ ਲਾਠੀਚਾਰਜ

### ਫਿਰਕੂਆਂ ਦਾ ਗੁ: ਸਿੰਘ ਸਭਾ ਤੇ ਹਮਲਾ ਤੇ ਪਥਰਾਓ

### ਰੇਲਾਂ ਰੋਕ ਕੇ ਮੁਸਾਫ਼ਰਾਂ ਨੂੰ ਖਿਚ ਕੇ ਮਾਰ-ਕੁਟਾਈ

ਜਲੰਧਰ, ੨੪ ਜੂਨ–ਗੁਰਦੁਆਰਾ ਸਿੰਘ ਸਭਾ ਅਡਾ ਹੁਸ਼ਿਆਰਪੁਰ ਤੇ ਅਜ ਭਾਰੀ ਗਿਣਤੀ ਵਿਚ ਫ਼ਿਰਕੂਆਂ ਨੇ ਹਮਲਾ ਕਰ ਦਿਤਾ ਜਿਸ ਕਾਰਨ ਇਸ ਖੇਤਰ ਵਿਚ ਭਾਰੀ ਖਿਚਾਅ ਪਾਇਆ ਜਾਂਦਾ ਹੈ। ਇਹਨਾਂ ਫ਼ਿਰਕੂ ਨੌਜਵਾਨਾਂ ਵਲੋਂ ਲਗਾਤਾਰ ਕਈ ਘੰਟੇ ਗੁਰਦੁਆਰਾ ਸਾਹਿਬ ਉਤੇ ਜ਼ਰਦਾਰ ਪਥਰਾ ਕੀਤਾ ਗਿਆ ਤੇ ਸਾਰੇ ਪਾਸਿਆਂ ਤੋਂ ਇਜ ਨੂੰ ਘੇਰਾ ਪਾ ਕੇ ਗੁਰਦੁਆਰਾ ਸਾਹਿਬ ਦੇ ਕੁਝ ਮੁਲਾਜ਼ਮ ਅੰਦਰ ਘੇਰੇ ਹੋਏ ਹਨ। ਬਾਹਰ ਪੁਲਸ ਨੂੰ ਵੀ ਘੇਰੇ 'ਚ ਲੈ ਲਿਆ, ਗਿਆ ਕਿਉਂਕਿ ਪੁਲਸ ਦੀ ਗਿਣਤੀ ਕਾਫੀ ਘਟ ਦਸੀ ਜਾਂਦੀ ਹੈ। ਪਥਰਾਓ ਕਾਰਨ ਅੰਦਰ ਮੌਜੂਦ ਕਈ ਸਿੰਘ ਤੇ ਮੁਲਾਜ਼ਮ ਫਟੜ ਹੋ ਗਏ। ਜਦ ਹੋਰ ਪੁਲਸ ਮੌਕੇ ਤੇ ਪੁਜੀ ਤਾਂ ਹਜੂਮ ਨੇ ਉਸ ਤੇ ਵੀ ਹਮਲਾ ਕਰ ਦਿਤਾ। ਇਸ ਤੇ ਪੁਲਸ ਨੇ ਹਜੂਮ ਨੂੰ ਖਿੰਡਾਣ ਲਈ ਲਾਠੀਚਾਰਜ ਕੀਤਾ ਤੇ ਜਦ ਹਜੂਮ ਫਿਰ ਵੀ ਨਾ ਹਟਿਆ ਤਾਂ ਪੁਲਸ ਨੇ ਹਵਾ ਵਿਚ ੫ ਫ਼ਾਇਰ ਕੀਤੇ। ਝਗੜਾ ਉਸ ਸਮੇਂ ਹੋਇਆ ਜਦ ਬੰਬ ਧਮਾਕੇ ਦੇ ਮਿਰਤਕ ਕੇਵਲ ਕ੍ਰਿਸ਼ਨ ਦਾ ਅੰਤਮ ਸੰਸਕਾਰ ਕਰਕੇ ਉਸ ਦੇ ਰਿਸ਼ਤੇਦਾਰ ਤੇ ਹੋਰ ਲੋਕ ਵਾਪਸ ਆ ਰਹੇ ਸਨ ਤਾਂ ਰਸਤੇ ਵਿਚ ਗੁਰਦਵਾਰੇ ਤੇ ਉਹਨਾਂ ਨੇ ਪਥਰਾਓ ਸ਼ੁਰੂ ਕਰ ਦਿਤਾ। ਗੁਰਦਵਾਰੇ ਵਿਚ ਬਹੁਤ ਘਟ ਸਿੰਘ ਸਨ। ਪੁਲਸ ਨੇ ਆ ਕੇ ਇਲਾਕੇ ਵਿਚ ਲੋਕਾਂ ਦਾ ਦਾਖਲਾ ਬੰਦ ਕਰ ਦਿਤਾ। ਫ਼ਿਰਕੂਆਂ ਦੇ ਹਜੂਮ ਨੇ ਬਾਅਦ 'ਚ ਰੇਲ ਗੱਡੀਆਂ ਤੇ ਵੀ, ਪਥਰਾਓ ਕੀਤਾ। ਇਲਾਕੇ ਵਿਚ ਪੁਲਸ ਬਿਠਾ ਦਿਤੀ ਗਈ ਹੈ। ਯੂ. ਐਨ. ਆਈ. ਦੀ ਸੂਚਨਾ ਹੈ ਕਿ ਫਿਰਕੂ ਹਿੰਦੂ ਅਡਾ ਹੁਸ਼ਿਆਰਪੁਰ ਤੇ ਟਾਂਡਾ ਰੋਡ ਰੇਲਵੇ ਫਾਟਕਾਂ ਤੇ ਪੁਜ ਗਏ ਤੇ ਉਹਨਾਂ ਨੇ ਗੇਟ ਮੈਨਾਂ ਨੂੰ ਫਾਟਕ ਬੰਦ ਕਰਨ ਤੋਂ ਰੋਕ ਦਿਤਾ। ਇਸ ਦਾ ਸਿਟਾ ਇਹ ਹੋਇਆ ਕਿ ਸਿਗਨਲ ਡਾਊਨ ਨਾ ਹੋ ਸਕੇ ਤੇ ਦਿਲੀ ਜਾਣ ਵਾਲੀਆਂ ਗਡੀਆਂ ਰੁਕ ਗਈਆਂ। ਜਿਹਨਾਂ ਨੇ ਇਸ ਘਟਨਾ ਨੂੰ ਵੇਖਿਆ, ਉਹਨਾਂ ਦਾ ਕਹਿਣਾ ਹੈ ਕਿ ਗਡੀਆਂ ਤੇ ਪਥਰਾਓ ਵੀ ਕੀਤਾ ਗਿਆ ਤੇ ਕੁਝ ਮੁਸਾਫਰਾਂ ਨੂੰ ਰੇਲ ਗੱਡੀਆਂ ਵਿਚੋਂ ਖਿਚ ਕੇ ਉਹਨਾਂ ਨੂੰ ਮਾਰਕੁਟਾਈ ਕੀਤੀ ਗਈ। ਪੁਲਸ ਮੌਕੇ ਤੇ ਪੁਜੀ ਤੇ ਉਸ ਨੇ ਫ਼ਿਰਕੂਆਂ ਦੇ ਹਜੂਮ ਨੂੰ ਹਟਾਇਆ। ਮੁਸਾਫ਼ਰਾਂ ਨੂੰ ਮਾਰ ਕੁਟਾਈ ਦੀ ਸਰਕਾਰੀ ਹਲਕਿਆਂ ਨੇ ਤਸਦੀਕ ਨਹੀਂ ਕੀਤੀ। ਨਵੇਂ ਆਈ. ਜੀ. ਸ: ਭਿੰਡਰ ਨੇ ਅਜ ਐਸ. ਪੀ. ਸ: ਭੁਲਰ ਨਾਲ ਵਿਚਾਰਾਂ ਕੀਤੀਆਂ।

ਅਜੀਤ, ੨੫-੬-੮੨

## ਸੋਡਲ 'ਚ ਹਾਲਾਤ ਅਜੇ ਗੰਭੀਰ

### ਦੁਕਾਨਾਂ ਅਗੇ ਹੰਗਾਮੇ––ਦੁਕਾਨਾਂ ਬੰਦ ਕਰਾਉਣ ਦੇ ਯਤਨ

### ਪੁਲਸ ਤੇ ਤਾਕਤ ਦੀ ਵਰਤੋਂ ਕਰਨ ਦਾ ਵੀ ਦੋਸ਼

ਜਲੰਧਰ, ੨੪ ਜੂਨ–ਗੁਰਦਵਾਰਾ ਸੋਡਲ ਵਿਚ ਲਹਿਰਾਏ ਗਏ ਨਿਸ਼ਾਨ ਸਾਹਿਬ ਦਾ ਝਗੜਾ ਪਾ ਕੇ ਕੁਝ ਹਿੰਦੂ ਫ਼ਿਰਕੂ ਜਨੂਨੀਆਂ ਵਲੋਂ ਜੋ ਤਨਾਅ ਪੈਦਾ ਕੀਤਾ ਗਿਆ ਸੀ, ਉਹ ਅਜੇ ਤਕ ਜਾਰੀ ਹੈ ਅਤੇ ਫ਼ਿਰਕੂਆਂ ਵਲੋਂ ਇਸ ਗੱਲ ਦੀ ਜ਼ਿਦ ਕੀਤੀ ਜਾ ਰਹੀ ਹੈ ਕਿ ਨਿਸ਼ਾਨ ਸਾਹਿਬ ਹਟਾਇਆ ਜਾਏ। ਜਲੰਧਰ ਦੇ ਐਸ. ਐਸ. ਪੀ. ਸ: ਭੁਲਰ ਨੇ ਦਸਿਆ ਕਿ ਕਲ੍ਹ ਰਾਤ ੩੦੦ ਨੌਜੁਆਨ ਸੋਡਲ ਨੇੜੇ ਇਕੱਠੇ ਹੋ ਗਏ ਤੇ ਉਹਨਾਂ ਨੇ ਸਰਕਾਰ ਤੇ ਪੁਲਸ ਵਿਰੁਧ ਨਾਅਰੇਬਾਜ਼ੀ ਕੀਤੀ ਤੇ ਮੰਦਰ ਦੇ ਲਾਊਡ-ਸਪੀਕਰ ਰਾਹੀਂ ਕਿਹਾ ਕਿ ਜੇ ੫ ਮਿੰਟਾਂ ਵਿਚ ਨਿਸ਼ਾਨ ਸਾਹਿਬ ਨਾ ਹਟਾਇਆ ਗਿਆ ਤਾਂ ਉਹ ਆਪ ਹਟਾ ਦੇਣਗੇ। ਠੀਕ ਪੰਜ ਮਿੰਟ ਬਾਅਦ ਉਹਨਾਂ ਨੇ ਪਥਰਾਓ ਸ਼ੁਰੂ ਕਰ ਦਿਤਾ। ੬ ਪੁਲਸ ਕਰਮਚਾਰੀ ਸਮੇਤ ਦੋ ਡੀ, ਐਸ. ਪੀ. ਜ਼ਖਮੀ ਹੋ


www.AKJ.Org

ਗਏ। ਰਾਤ ਡੇਢ ਵਜੇ ਡੀ. ਸੀ. ਮੌਕੇ ਤੇ ਪੁਜੇ ਤੇ ਨੌਜੁਆਨਾਂ ਨੂੰ ਹਟਣ ਲਈ ਕਿਹਾ। ਉਹ ਚਲੇ ਗਏ, ਪਰ ਰਾਤ ਪੌਣੇ ਤਿੰਨ ਵਜੇ ਫਿਰ ਇਕੱਠੇ ਹੋ ਗਏ ਤੇ ਪਥਰਾਓ ਕੀਤਾ। ਪੁਲਸ ਨੇ ਲਾਠੀਚਾਰਜ ਕਰਕੇ ਉਹਨਾਂ ਨੂੰ ਹਟਾ ਦਿਤਾ। ਪਟਾਖੇ ਵੀ ਚਲਾਏ ਗਏ। ਸ਼ਹਿਰ ਵਿਚ ਪੀ. ਏ. ਪੀ. ਤੇ ਸੀ. ਆਰ. ਪੀ. ਐਫ. ਦੀਆਂ ੨੦ ਕੰਪਨੀਆਂ ਗਸ਼ਤ ਕਰ ਰਹੀਆਂ ਹਨ—ਅਜ ਸਵੇਰ ੧੦ ਵਜੇ ੭੦ ਦੇ ਕਰੀਬ ਨੌਜੁਆਨਾਂ ਨੇ ਸ਼ਹਿਰ ਵਿਚ ਦੁਕਾਨਾਂ ਬੰਦ ਕਰਾਣ ਦਾ ਯਤਨ ਕੀਤਾ ਤੇ ਜਦ ਇਹ ਜਲੂਸ ਚੌਕ ਫੁਲਾਂਵਾਲਾ ਵਿਚ ਪੁਜਾ ਤਾਂ ਜਲੂਸ ਤੇ ਪਟਾਕਾ ਸੁਟਿਆ ਗਿਆ। ਇਸ ਤੇ ਜਲੂਸ ਤਿਤਰ ਬਿਤਰ ਹੋ ਗਿਆ ਅਤੇ ਨੌਜੁਆਨ ਸੋਡਲ ਆ ਗਏ। ਜਦ ਡੀ. ਸੀ. ਨਿਹੰਗਾਂ ਤੇ ਮੰਦਰ ਦੇ ਟਰੱਸਟੀਆਂ ਨਾਲ ਗਲਬਾਤ ਕਰ ਰਹੇ ਸਨ ਤਾਂ ਇਕ ਹਜ਼ਾਰ ਨੌ-ਜੁਆਨ ਹੋਰ ਆ ਗਏ ਤੇ ਨਿਹੰਗਾਂ ਦੇ ਵੀ ਦੋ ਟਰੱਕ ਆ ਗਏ। ਅਧਿਕਾਰੀਆਂ ਨੇ ਬਾਬਾ ਨਿਹਾਲ ਸਿੰਘ ਨੂੰ ਆਏ ਨਿਹੰਗਾਂ ਨੂੰ ਵਾਪਸ ਭੇਜਣ ਲਈ ਕਿਹਾ ਤਾਂ ੨੫ ਨਿਹੰਗ ਸਿੰਘ ਚਲੇ ਗਏ। ਐਸ. ਐਸ. ਪੀ. ਨੇ ਦੋਹਾਂ ਧਿਰਾਂ ਨੂੰ ਕਿਹਾ ਹੈ ਕਿ ਝਗੜਾ ਨਾ ਕਰਨ। ਉਹਨਾਂ ਨੇ ਕਿਹਾ ਕਿ ਜੇ ਹਿੰਦੂ ਨੌਜੁਆਨਾਂ ਨੇ ਸ਼ਰਾਰਤ ਨਾ ਕੀਤੀ ਤਾਂ ਉਹਨਾਂ ਨੂੰ ਰਿਹਾ ਕਰ ਦਿਤਾ ਜਾਏਗਾ। ਦੂਜੇ ਪਾਸੇ ਇਹ ਦੋਸ਼ ਲਗਾਇਆ ਗਿਆ ਹੈ ਕਿ ਬਾਜ਼ਾਰ ਸ਼ੇਖਾਂ ਵਿਚ ਪੁਲਸ ਨੇ ਵਿਖਾਵਾਕਾਰੀਆਂ ਨੂੰ ਰੋਕਿਆ ਤੇ ਦੁਕਾਨਾਂ ਦੇ ਅੰਦਰ ਜਾ ਕੇ ਮਾਰ ਕੁਟਾਈ ਕੀਤੀ। ਦੂਜੀ ਧਿਰ ਦਾ ਕਹਿਣਾ ਹੈ ਕਿ ਜਲੂਸ ਨੇ ਸ: ਜਗਦੀਸ਼ ਸਿੰਘ ਪ੍ਰਧਾਨ ਅਕਾਲੀ ਜਥਾ ਦੀ ਦੁਕਾਨ ਅਗੇ ਹੰਗਾਮਾ ਕਰਨ ਦਾ ਯਤਨ ਵੀ ਕੀਤਾ, ਵਿਖਾਵਾਕਾਰੀ ਡੀ. ਸੀ. ਨੂੰ ਮੈਮੋਰੰਡਮ ਦੇਣ ਜਾ ਰਹੇ ਸਨ।

ਅਜੀਤ, ੨੫-੬-੮੩

## *ਜਲੰਧਰ ਚਿ ਕਰਫਿਊ ਲਾਗੂ, ਪੁਲਸ ਫਾਇਰਿੰਗ ਚਿ ੩ ਮਰੇ, ਬੰਬ ਧਮਾਕੇ ਚਿ ੨ ਹਲਾਕ*

ਫਸਾਦੀਆਂ ਨੇ ਸਿਖਾਂ ਦੀਆਂ ਟਰਾਲੀਆਂ ਘੇਰਕੇ ਪਥਰਾ ਕੀਤਾ ਤੇ ਤੇਜ਼ਾਬ ਸੁਟਿਆ——ਪੁਲਸ ਨੂੰ ਗੋਲੀ ਚਲਾਣੀ ਪਈ——'ਪੰਜਾਬ ਬੰਦ' ਨੇ ਹਿੰਸਕ ਰੂਪ ਧਾਰ ਲਿਆ——ਝੜਪਾਂ ਕਾਰਨ ਦਰਜਨਾਂ ਫਟੜ——ਫ਼ਸਾਦੀ ਟੋਲੀਆਂ ਹਥਿਆਰ ਬੰਦ ਹੋ ਕੇ ਸ਼ਹਿਰ ਵਿਚ ਫਿਰਦੀਆਂ ਰਹੀਆਂ।

ਅਜੀਤ, ੨੮-੬-੮੩

---

# ਡਡਲੀ (ਯੂ. ਕੇ.) ਵਿਖੇ ਸ਼ਹੀਦਾਂ ਨਮਿਤ ਸ੍ਰੀ ਅਖੰਡਪਾਠ

(੧) ਸ਼ਹੀਦਾਂ ਨਮਿਤ ੧੪ ਜੁਲਾਈ ਨੂੰ ਸ੍ਰੀ ਅਖੰਡਪਾਠ, ੧੬ ਜੁਲਾਈ ਨੂੰ ਭੋਗ, ਉਪਰੰਤ ਇਕ ਵਜੇ ਤਕ ਅਖੰਡ-ਕੀਰਤਨ; ਪਸਚਾਤ ਪੰਥਕ ਵੀਚਾਰਾਂ ਗੁਰਦੁਆਰਾ ਸਾਹਿਬ ਡਡਲੀ ਵਿਖੇ ਅਖੰਡ ਕੀਰਤਨੀ ਜਥੇ ਅਤੇ ਹੋਰ ਪੰਥਕ ਜਥੇਬੰਦੀਆਂ ਵਲੋਂ।

(੨) ਸ਼ਹੀਦਾਂ ਨਮਿਤ ਅਤੇ ਪੰਥ ਦੀ ਚੜ੍ਹਦੀ ਕਲਾ ਲਈ 101 ਸ੍ਰੀ ਸੁਖਮਨੀ ਸਾਹਿਬ ਦੇ ਪਾਠ 1 ਤੋਂ 5 ਅਗਸਤ ਸ਼ੁਕਰਵਾਰ ਤਕ ਗੁਰਦੁਆਰਾ ਸਾਹਿਬ ਡਡਲੀ ਵਿਖੇ—Sikh Temple, 118 Wellington Road, Dudley ਫੋਨ 0384-53054)

ਦਰਸ਼ਨ ਅਭਿਲਾਖੀ—ਅਖੰਡ ਕੀਰਤਨੀ ਜਥਾ ਡਡਲੀ ਅਤੇ ਸਮੂਹ ਸਾਧ ਸੰਗਤ

---

ਕਨੱਈਏ ਦੇ ਮੁਖ ਤੋਂ ਮਿਤਰ ਵਾਕ ਨਿਕਲੇ, ਕਰਾਂ ਬੇਨਤੀ ਮੈਂ, ਖਿਮਾ ਦਾਨ ਚਾਹਵਾਂ।
ਮੇਰੇ ਸਿਰ ਦੇ ਸਾਈਂ ਸ਼ਹਿਨਸ਼ਾਹ ਚੋਜੀ, ਤੇਰੇ ਨੂਰੀ ਚਰਨਾਂ ਤੋਂ ਕੁਰਬਾਨ ਜਾਵਾਂ।
ਮੈਨੂੰ ਤੇ ਦਿਸਦਾ ਨਹੀਂ ਗ਼ੈਰ ਕੋਈ, ਮੈਂ ਜਿਸ ਪਾਸੇ ਤੱਕਾਂ ਤੇ ਤੈਨੂੰ ਹੀ ਪਾਵਾਂ।
ਤੂੰਹੀ ਵਾਜ ਮਾਰੇਂ, ਤੂੰਹੀ ਪਾਣੀ ਮੰਗੇਂ, ਤੂੰਹੀ ਬੁੱਕ ਅਡੇਂ, ਮੈਂ ਪਾਣੀ ਪਿਲਾਵਾਂ।
ਬਖ਼ਸ਼ਿੰਦ ਸਤਿਗੁਰ ਕਿਹਾ ਕੰਠ ਲਾ ਕੇ, ਧੰਨ ਹੈਂ ਤੂੰ ਗੁਰਸਿਖਾ ਮੇਰੇ ਪਿਆਰੇ।
ਸੇਵਾ ਤੇਰੀ ਹੋਈ ਸਫਲੀ ਹੈ ਜਗ ਵਿਚ, ਤੇਰੀ ਘਾਲ ਬੇੜੀ ਹੈ ਲਗ ਗਈ ਕਿਨਾਰੇ।
ਇਹ ਲੈ ਡੱਬੀ ਮਰਹਮ ਦੀ, ਰਖ ਕੋਲ ਆਪਣੇ, ਤੇ ਲਾਂਦਾ ਜਾ ਫੱਟਾਂ ਤੇ ਪਾਣੀ ਪਿਲਾਕੇ।
ਜਗਦਾ ਰਹੇਂਗਾ ਤੂੰ ਜਗ ਵਿਚ ਕਨੱਈਆ, ਸੁਚਾ ਜੋਤ ਸੇਵਾ ਦੀ 'ਮਿੱਤਰ' ਜਗਾ ਕੇ।

www.AKJ.Org

# ਮੈਦਾਨਿ ਜੰਗ ਦੇ ਨਜ਼ਾਰੇ ਤੇ ਭਾਈ ਕਨੱਈਆ ਜੀ

[ਵਲੋਂ :—ਗਿ: ਗੋਪਾਲ ਸਿੰਘ ਜੀ 'ਮਿਤਰ' ਮਾਲਬ, ਜ਼ਿਲਾ ਗੁੜਗਾਉਂ]

ਵਾਹਵਾ ਨੇ ਮੈਦਾਨਿ ਜੰਗ ਦੇ ਨਜ਼ਾਰੇ, ਸਿੰਘਾਂ ਦੇ ਜੈਕਾਰੇ ਤੇ ਵਜਦੇ ਨਗਾਰੇ।
ਕਿਤੇ ਖਾਲਸਾ ਫੌਜਾਂ ਕੀਤੇ ਤਿਆਰੇ, ਸੁਣੀਂਦੇ ਕਿਤੇ 'ਅੱਲਾ ਅਕਬਰ' ਦੇ ਨਾਅਰੇ।
ਦੋਹਾਂ ਪਾਸਿਉਂ ਸੂਰਮੇ ਆਏ ਭਾਰੇ, ਉਹ ਸੰਗਰਾਮ ਮਚਿਆ ਕਿ ਟੁੱਟੇ ਨੇ ਤਾਰੇ।
ਕਿਸੇ ਨੇ ਲਗਾਈ ਏ ਬਰਛੀ ਕਿਸੇ ਨੂੰ, ਕੋਈ ਧਰ ਤੇ ਡਿੱਗਾ ਤੇ ਹਾਏ ਪੁਕਾਰੇ।
ਕਿਸੇ ਦੇ ਜਿਗਰ ਵਿਚ ਲਗੀ ਤੇਗ ਐਸੀ ਕਿ ਚਲਦੇ ਪਏ ਨੇ ਲਹੂ ਦੇ ਫੁਹਾਰੇ।
ਕੋਈ ਢਾਲ ਪਕੜੇ ਤੇ ਤੇਗਾ ਉਲਾਰੇ, ਕੋਈ ਸਿਰ ਨੂੰ ਤੱਕੇ ਤੇ ਤਲਵਾਰ ਮਾਰੇ।
ਕਿਸੇ ਬਾਣ ਖਿਚ ਕੇ ਹੈ ਲਾਇਆ ਨਿਸ਼ਾਨਾ, ਕੋਈ ਤੀਰ ਖਾ ਕੇ ਤੇ ਵਧਦਾ ਅਗਾਰੇ।
ਕਿਸੇ ਵੀਰ ਦਾ ਹੋ ਗਿਆ ਸਿਰ ਦਾ ਸੌਦਾ, ਤੇ ਹੋ ਗਏ ਕਿਸੇ ਦੇ ਨੇ ਵਾਰੇ ਨਿਆਰੇ।
ਕੋਈ ਤੜਪਦਾ ਤੇ ਲੈਂਦਾ ਏ ਸਿਸਕੀ, ਦਿਉ ਪਾਣੀ ਪਾਣੀ ਕੋਈ ਵਾਜ ਮਾਰੇ।
ਧਰਤੀ ਨੇ ਬਾਣਾ ਹੈ ਸੂਹਾ ਸਜਾਇਆ, ਨੇ ਅੰਬਰ ਰੰਗਾਏ ਫਬਾਏ ਨੇ ਸਾਰੇ।
ਜਿਵੇਂ ਆਈ ਵਹੁਟੀ ਕੋਈ ਸਜ-ਵਿਆਹੀ, ਦੁਪੱਟਾ ਲਿਆ ਲਾਲ ਸਿਰ ਤੇ ਸਜਾਰੇ।

ਔਹ ਤੱਕੋ ਜ਼ਰਾ ਤਤੇ ਰਣ ਦਾ ਨਜ਼ਾਰਾ, ਕਿਸੇ ਨੇ ਮਸ਼ਕ ਵੇਖੋ ਮੋਦੇ ਤੇ ਚਾਈ।
ਉਹ ਮੂੰਹ ਵਿਚ ਹੈ ਕੁਝ ਪਿਆ ਗੁਣਗੁਣਾਂਦਾ ਤੇ ਮੁਖੜੇ ਤੇ ਵਸਦਾ ਹੈ ਨੂਰੇ ਇਲਾਹੀ।
ਤੜਪਦੇ ਸਿਸਕਦੇ ਹੋਏ ਜ਼ਖਮੀਆਂ ਨੂੰ, ਬਿਨਾਂ ਵਿਤਕਰੇ ਜਾਂਦਾ ਪਾਣੀ ਪਿਲਾਈ।
ਨ ਵੇਖੇ ਇਹ ਸਿਖ ਹੈ ਕਿ ਸਿਖਾਂ ਦਾ ਦੁਸ਼ਮਨ, ਨ ਵੇਖੇ ਮੁਸਲਿਮ ਕਿ ਹੈ ਇਹ ਈਸਾਈ।
ਪੀ ਪੀ ਕੇ ਪਾਣੀ ਤੇ ਯੋਧੇ ਉਠੀਂਦੇ, ਪਾਂਦੇ ਨੇ ਤਰਥਲਾਂ ਵਾਹ ਰੇ ਖ਼ੁਦਾਈ।
ਗਿਣੇ ਜਾਂਦੇ ਭਾਵੇਂ ਸ਼ਹੀਦਾਂ ਦੇ ਅੰਦਰ, ਉਹ ਸੌਂਦੇ ਨੇ ਕਰ ਕੇ ਨਵੇਂ ਸਿਰ ਤਬਾਹੀ।

ਉਹ ਬੈਠੇ ਨੇ ਦਸਮੇਸ਼ ਦਰਬਾਰ ਲਾਕੇ, ਕਿਹਾ ਆ ਕੇ ਸਿੱਖਾਂ ਨੇ, ਸਤਿਗੁਰ ਪਿਆਰੇ।
ਇਹ ਸਿਖ ਹੈ ਜੋ ਫੌਜਾਂ 'ਚ ਪਾਣੀ ਪਿਲਾਂਦਾ, ਮਸ਼ਕ ਮੋਢੇ ਚੁੱਕੀ ਤੇ ਫਿਰਦਾ ਏ ਸਾਰੇ।
ਉਹ ਅਟਕਾਏ ਰੋੜੇ ਅਸਾਡੇ ਅਗੇਰੇ, ਸੁਣਾਈਏ ਤੁਹਾਨੂੰ, ਸੁਣੋ ਇਸ ਦੇ ਕਾਰੇ।
ਇਹ ਦੁਸ਼ਮਨ ਅਸਾਡੇ ਨੂੰ ਪਾਣੀ ਪਿਲਾਵੇ, ਉਠੀਵੇ ਉਹ ਵਰੀ ਤੇ ਸਾਨੂੰ ਹੀ ਮਾਰੇ।
ਸ਼ਹਿਨਸ਼ਾਹ, ਕਿਉਂ ਸੱਪ ਬੁਕਲ ਦਾ ਪਾਲੋ ? ਨਹੀਂ ਲੋੜ ਸਾਨੂੰ ਉਹ ਸੇਵਾ ਸੰਭਾਰੇ।
ਉਹ ਦੁਸ਼ਮਨ ਹੈ ਸਾਡਾ ਕਿ ਸਾਡਾ ਸਹਾਈ, ਜੜ੍ਹਾਂ ਸਾਡੀਆਂ ਨੂੰ ਜੋ ਕਟ ਕਟ ਕੇ ਤਾਰੇ।
ਸ਼ਹਿਨਸ਼ਾਹ ਕਿਹਾ ਉਸ ਨੂੰ ਛੇਤੀ ਬੁਲਾਵੋ, ਮੈਂ ਪੁਛਦਾ ਹਾਂ ਖੁਲ੍ਹਣਗੇ ਇਹ ਭੇਦ ਸਾਰੇ।
ਉਹ ਆਇਆ ਏ ਬ੍ਰਹਮ ਗਿਆਨੀ ਕਨੱਈਆ, ਚਮਕਦੇ ਨੇ ਮੁਖੜੇ ਤੇ ਨੂਰੀ ਸ਼ਰਾਰੇ।
ਖੜਾ ਹੈ ਹਜ਼ੂਰੀ 'ਚ ਹੱਥ ਜੋੜ ਕੇ ਤੇ, ਗੁਰਾਂ ਵਾਕ ਏਦਾਂ ਨੇ ਮੁਖ ਤੋਂ ਉਚਾਰੇ।
ਕਿਉਂ, ਕੀ ਗੱਲ ਏ ਓ ਭਾਈ ਕਨੱਈਆ ? ਕਰਦੇ ਸ਼ਿਕਾਇਤ ਨੇ ਸਿਖ ਤੇਰੀ ਸਾਰੇ।
ਇਹ ਸੱਚ ਹੈ ਤੂ ਦੁਸ਼ਮਨ ਨੂੰ ਪਾਣੀ ਪਿਲਾਵੇਂ? ਉਠੀਵੇ ਉਹ ਵੈਰੀ ਤੇ ਸਿੱਖਾਂ ਨੂੰ ਮਾਰੇ।

[ਬਾਕੀ ਵੇਖੋ ਸਫਾ ੪੦ ਦੇ ਹੇਠ]


www.AKJ.Org

## ਸੂਰਾ ਮਾਸਕ ਪਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ੨੪ ਪਾਠਕਾਂ ਵਿਚੋਂ ਦੋ ਪ੍ਰਦੇਸੀ ਪਾਠਕਾਂ ਵਲੋਂ ੬੫੦/- ਰੁਪਏ ਅਤੇ ੭੫੦/- ਯੂ. ਕੇ, ਅਤੇ ਕੈਨੇਡਾ ਵਿਚੋਂ ਪੁਜੇ ਹਨ। ਬਾਕੀ ਸਾਰਿਆਂ ਵਲੋਂ ਡੇਢ ਡੇਢ ਸੌ ਰੁਪਏ ਪੁਜੇ ਹਨ। ਸਭ ਦੀ ਸਾਂਝੀ ਐਫ. ਡੀ. ਬੈਂਕ ਵਿਚ ਬਣਵਾਈ ਗਈ ਦਾ ਨੰਬਰ ਇਉਂ ਹੈ :–੩੪੬੮੪੬/੩੫੨/੮੩ ਮਿਤੀ ੨੩.੬.੮੩, ਰਕਮ ੪੭੦੦/- ਰੁਪਏ:–ਧਰਮ ਅਰਥ ਗੁਰਦਵਾਰਾ ਨਾਗਪੁਰ ੬੧੩੪, ਸ: ਹਰਬੰਸ ਸਿੰਘ ਕਾਲਾ ਕੋਟ ੬੧੩੫, Hav/clk ਧਰਮ ਸਿੰਘ ੬੧੩੬, ਗੁਰਦਵਾਰਾ ਪ੍ਰਬੰਧਕ ਕਮੇਟੀ ਨਾਗਪੁਰ ੬੧੩੭, ਸ: ਹਰਮਿੰਦਰਪਾਲ ਸਿੰਘ ਅੰਮ੍ਰਿਤਸਰ ੬੧੩੮, ਸ: ਪਰਮਜੀਤ ਸਿੰਘ ਸੱਚਰ ੬੧੩੯, ਲਾਇਬ੍ਰੇਰੀ ਗੁ: ਸਿੰਘ ਸਭਾ ਨਵੀਂ ਦਿਲੀ ੬੧੪੦, ਗੁਰਦਵਾਰਾ ਸਾਹਿਬ ੧੦ ਜੈਕ ੬੧੪੧, ਭਾ: ਦਲੀਪ ਸਿੰਘ ਭੂਪਾਲ ੬੧੪੨, ਭ: ਅਮਰ ਸਿੰਘ ਭੂਪਾਲ ੬੧੪੩, ਸ: ਇੰਦਰਜੀਤ ਸਿੰਘ ਸੇਖੋਂ ਫਰੀਦਕੋਟ ੬੧੪੪, ਸ: ਮਨੋਹਰ ਸਿੰਘ ਕੋਚਰ ਬੰਬਈ ੬੧੪੫, ਸ: ਚੇਨਣ ਸਿੰਘ ਫਗਵਾੜਾ ੬੧੪੬, ਸ: ਗੁਰਮੁਖ ਸਿੰਘ ਸੰਗਤਪੁਰਾ ੬੧੪੭, ਸ: ਗੁਰਦੇਵ ਸਿੰਘ ਰੱਕੜ ਚੱਕ ਗੁਰੂ ੬੧੪੮, ਮਿਸਜ਼ ਐਮ. ਕੇ. ਉਪਲ ਬੰਬਈ ੬੧੪੯, ਸ: ਬਸੰਤ ਸਿੰਘ ਸੰਧੂ ਵਲਟੋਹਾ ੬੧੫੦, ਸ: ਮਨਜੀਤ ਸਿੰਘ ਬੈਂਚ ਬਾਜਾ ੬੧੫੧, ਸ: ਅਮਰੀਕ ਸਿੰਘ ਸੋਹਲ ਜਾਗੀਰ ੬੧੫੨, ਬੀਬੀ ਦਲੀਪ ਕੌਰ ਓੜੁ-ਪੁਰ ੬੧੫੩, ਸ: ਜੀ. ਐਸ. ਚੱਢਾ ਪਟਿਆਲਾ ੬੧੫੪, ਭਾ: ਬਲਵੀਰ ਸਿੰਘ ਯੂ. ਕੇ. ੬੧੫੫/੨੦੦੫, ਭਾ: ਜੋਗਾ ਸਿੰਘ ਕੈਨੇਡਾ ੬੧੫੬/੨੨੧੨, N/Sub. ਮਹਿੰਦਰ ਸਿੰਘ ਜਲੰਧਰ ਕੈਂਟ ੬੧੫੭,

## 'ਸੂਰਾ' ਦੇ ਪੁਰਾਣੇ ਅਮਾਨਤੀ ਲਾਈਫ ਮੈਂਬਰ

ਹੇਠ ਲਿਖੇ ੩੦ ਪੁਰਾਣੇ ਅਮਾਨਤੀ ਲਾਈਫ਼ ਮੈਂਬਰਾਂ ਵਲੋਂ ੫੦-੫੦ ਰੁਪਏ ਵਧੇ ਹੋਏ ਰੇਟਾਂ ਅਨੁਸਾਰ ਪੁੱਜੇ ਹਨ। ਸਭ ਦੀ ਸਾਂਝੀ ਐਫ. ਡੀ. ਦਾ ਨੰਬਰ ਇਉਂ ਹੈ :-੩੪੬੮੪੭/੩੫੩/੮੩ ਮਿਤੀ ੨੩-੬-੮੩ ਰਕਮ ੧੫੦੦/ਰੁ:–ਸ: ਅਮਰੀਕ ਸਿੰਘ ਅਨੰਦ ੩੦੨੩, ਸ: ਕਲਿਆਣ ਸਿੰਘ ਤੇਜ ਕੌਰ ੩੧੩੩, ਨਰਿੰਦਰਾ ਜਨਰਲ ਸਟੋਰ ੩੧੪੮, ਮੈ: ਜੈਮਲ ਸਿੰਘ ਕਰਤਾਰ ਸਿੰਘ ੩੨੦੨, ਮੈ: ਸਿੰਘ ਬ੍ਰਦਰਜ਼ ੩੨੦੩, ਮਿਸਜ਼ ਰਵੀ ਜੱਜ ੩੨੬੭, ਸ: ਕੁਲਦੀਪ ਸਿੰਘ ਐਸ. ਡੀ. ਓ. ੩੨੮੧, ਗੁਰਦਵਾਰਾ ਸਾਹਿਬ ਪੂਨਾ ੩੩੨੦, ਸ: ਪ੍ਰੀਤਮ ਸਿੰਘ ਕੱਕੜ ੩੩੫੫, ਜਥੇਦਾਰ ਜਾਗੀਰ ਸਿੰਘ ਪੂਹਲਾ ੩੩੬੪, ਸ: ਊਧਮ ਸਿੰਘ ਸੋਨੀ ੩੩੭੦, ਪ੍ਰਧਾਨ ਗੁਰਦਵਾਰਾ ਨਇਆ ਨੰਗਲ ੩੩੮੩, ਸ: ਰਤਨ ਸਿੰਘ ੩੪੨੪, ਰਾਗੀ ਗੁਰਬਚਨ ਸਿੰਘ ੩੪੭੪, ਸ: ਸਾਧੂ ਸਿੰਘ ੩੫੦੫, ਸ: ਈਸ਼ਰ ਸਿੰਘ ਥਾਪਰ ੩੫੩੯,ਬੀਬੀ ਸ਼ਾਨ ਕੌਰ ੩੫੪੦,ਸ: ਮੋਹਨ ਸਿੰਘ ਸੇਠੀ੩੫੫੧, ਸ: ਜੋਗਿੰਦਰ ਸਿੰਘ ਭਗਤ ਸਿੰਘ ੩੫੭੭, ਸ: ਸੋਹਿੰਦਰ ਸਿੰਘ ਕੋਹਲੀ ੩੫੯੯, ਸਕੱਤਰ ਗੁਰਦਵਾਰਾ ਏ. ਐਫ. ੩੬੧੯, ਸ: ਪਰਮਜੀਤ ਸਿੰਘ ੩੬੨੨, ਕੈਪਟਨ ਪੀ. ਐਸ. ਗਿਲ ੩੬੬੦, ਸ: ਬੀ. ਐਸ. ਨਰੂਲਾ ੩੭੦੯, ਸ: ਦਰਸ਼ਨ ਸਿੰਘ ੩੭੧੭, ਭਾ: ਜਗਜੀਤ ਸਿੰਘ ਕੋਹਲੀ ੩੭੨੯, ਸ: ਗੁਰਦੀਪ ਸਿੰਘ ੩੭੩੦, ਸ: ਦਰਸ਼ਨ ਸਿੰਘ ੩੭੩੬, ਗਿ: ਪਰਮਜੀਤ ਸਿੰਘ ਖਾਲਸਾ ੩੭੯੬, ਸਕੱਤਰ ਗੁਰਦਵਾਰਾ ਮੰਗੂਰ ਹਿਲ ੩੭੯੭–

---

### ਪਿੰਡ ਈਸਾਪੁਰ ਰਣੀ ਵਿਖੇ ਰੈਣ ਸਬਾਈ ਕੀਰਤਨ

ਗਿ: ਰਾਜਿੰਦਰ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਪਿੰਡ ਈਸਾਪੁਰ ਰੌਣੀ, ਜੋ ਕਿ ਡੇਰਾ ਬੱਸੀ (ਅੰਬਾਲਾ-ਚੰਡੀਗੜ੍ਹ ਰੋਡ) ਤੋਂ ਇਕ ਕਿਲੋਮੀਟਰ ਰੇਲਵੇ ਲਾਈਨ ਦੀ ਤਰਫ ਹੈ, ਵਿਖੇ ੧੬ ਜੁਲਾਈ ੧੯੮੩ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦਰਸ਼ਨ ਦੇ ਕੇ ਲਾਹੇ ਪ੍ਰਾਪਤ ਕਰੋ ਜੀ।

### ਪਿੰਡ ਤਲਵੰਡੀ ਰਤੋਵਾਲ (ਗੁਰਦਾਸਪੁਰ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਦਾਸਾਂ ਦੇ ਗ੍ਰਿਹ ਵਿਖੇ ਬਜ਼ੁਰਗਾਂ ਦੀ ਸਾਲਾਨਾ ਯਾਦ ਵਿਚ ੧੨ ਜੁਲਾਈ ਮੰਗਲਵਾਰ ਸਵੇਰੇ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ੧੨-੧੫ ਤਕ ਕੀਰਤਨ ਹੋਣਗੇ। ਦਰਸ਼ਨ ਦੇ ਕੇ ਧੰਨਵਾਦੀ ਬਣਾਓ ਜੀ।

ਦਾਸਰੇ–ਦਲੀਪਸਿੰਘ ਰਤਨਸਿੰਘ ERਹਰਭਜਨ ਸਿੰਘ Amie. ਪਿੰਡ ਤਲਵੰਡੀ ਰਤੋਵਾਲ,ਡਾਕਘਰ ਬਥਰੀ ਨੰਗਲ(ਗੁਰਦਾਸਪੁਰ)

www.AKJ.Org

## ਰਿਸ਼ਤੇ ਨਾਤੇ—

੧. ਚਿਠੀ ਇਸ ਪਤੇ ਤੇ ਲਿਖੋ—ਫ਼ਾਰਮ ਨੰਬਰ............C/O ਸੂਰਾ, ਮਾਈ ਸੇਵਾਂ, ਅੰਮ੍ਰਿਤਸਰ
੨. ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਹੀ ਚਿਠੀ ਲਿਖੋ ।
੩. ਰਿਸ਼ਤੇ ਨਾਤੇ ਦੇ ਫ਼ਾਰਮ ਸੂਰਾ ਮਾਸਕ ਪਤਰ, ਅੰਮ੍ਰਿਤਸਰ ਤੋਂ ਵਾਪਸੀ ਲਈ ਲਫ਼ਾਫਾ ਨਾਲ ਭੇਜਕੇ ਮੁਫ਼ਤ ਮੰਗਵਾਓ ।

**ਫਾਰਮ ਨੰ: ੧੯੦**—ਇਕ ਅੰਮ੍ਰਿਤਧਾਰੀ ਨਿਤਨੇਮੀ ਬੀਬੀ-ਉਮਰ ਸਾਢੇ ੨੯ ਸਾਲ, ਕੱਦ ੫ ਫੁਟ, ਐਮ. ਏ. ਪੁਲਿਟੀਕਲ ਸਾਇੰਸ ਪਾਸ, ਲਈ ਪੜ੍ਹੇ ਲਿਖੇ ਯੋਗ ਵਰ ਦੀ ਲੋੜ ਹੈ।

**ਫਾਰਮ ਨੰ: ੧੯੧**—ਇਕ ੨੯ ਸਾਲਾ ਅੰਮ੍ਰਿਤਧਾਰੀ ਦੁਹਾਜੂ ਤਲਾਕ-ਸ਼ੁਦਾ ਬੀਬੀ, ਕੱਦ ੫ ਫੁਟ ਡੇਢ ਇੰਚ, ਡਬਲ ਐਮ. ਏ., ਕੀਰਤਨੀ, ਕਾਲਜ ਵਿਚ ਲੈਕਚਰਾਰ, ਤਨਖਾਹ ੧੮੦੦ ਰੁਪਏ, ਲਈ ਅਛੀ ਨੌਕਰੀ ਤੇ ਜਾਂ ਅਛੇ ਕਾਰੋਬਾਰੀ ਵਰ ਦੀ ਲੋੜ ਹੈ।

**ਫਾਰਮ ਨੰ: ੧੯੨**—ਇਕ ੨੦ ਸਾਲਾ ਅੰਮ੍ਰਿਤਧਾਰੀ ਬੀਬੀ ਕੱਦ ੫ ਫੁਟ, ਦਸਵੀਂ ਪਾਸ, ਨਿਤਨੇਮੀ, ਲਈ ਸਰਵਿਸ ਕਰਦੇ ਯੋਗ ਵਰ ਦੀ ਲੋੜ ਹੈ ।

**ਫਾਰਮ ਨੰ: ੧੯੩**—ਇਕ ੨੮ ਸਾਲਾ ਅੰਮ੍ਰਿਤਧਾਰੀ ਸਿੰਘ, ਕੱਦ ੫ ਫੁਟ ੭ ਇੰਚ, ਸਰਕਾਰੀ ਨੌਕਰੀ, ਤਨਖਾਹ ੮੦੦ ਰੁਪਏ ਮਾਸਕ, ਵਿਦਿਆ ਹਾਇਰ ਸੈਕੰਡਰੀ, ਲਈ ਯੋਗ ਨਾਤੇ ਦੀ ਲੋੜ ਹੈ ।

**ਫਾਰਮ ਨੰ: ੧੯੪**—ਇਕ ੨੭ ਸਾਲਾ ਅੰਮ੍ਰਿਤਧਾਰੀ ਬੀਬੀ, ਕੱਦ ੫ ਫੁਟ ੩ ਇੰਚ, ਐਮ. ਏ. ਬੀ. ਐਡ (ਮਿਊਜ਼ਿਕ), ਲਈ ਯੋਗ ਵਰ ਦੀ ਲੋੜ ਹੈ ।

**ਫਾਰਮ ਨੰ: ੧੯੫**—ਇਕ ੨੭ ਸਾਲਾ ਅੰਮ੍ਰਿਤਧਾਰੀ ਸਿੰਘ, ਨਿਤਨੇਮੀ, ਕੱਦ ੫ ਫੁਟ ੫ ਇੰਚ, ਮੈਟ੍ਰਿਕ ਤੇ I.J.I. ਮੋਟਰ ਮਕੈਨਿਕ, ਸਰਕਾਰੀ ਨੌਕਰੀ, ਤਨਖਾਹ ੮੯੦/– ਰੁਪਏ ਮਾਸਿਕ, ਲਈ ਯੋਗ ਰਿਸ਼ਤੇ ਦੀ ਲੋੜ ਹੈ ।

**ਫਾਰਮ ਨੰ: ੧੯੬**—ਇਕ ੨੧ ਸਾਲਾ ਅੰਮ੍ਰਿਤਧਾਰੀ ਬੀਬੀ ਕੱਦ ੫ ਫੁਟ ਢਾਈ ਇੰਚ, ਬੀ. ਏ. ਦਾ ਇਮਤਿਹਾਨ ਦਿੱਤਾ ਹੋਇਆ, ਲਈ ਯੋਗ ਵਰ ਦੀ ਲੋੜ ਹੈ ।

**ਫਾਰਮ ਨੰ: ੯੭**—ਇਕ ਦਸਵੀਂ ਪਾਸ ਸਿੰਘ, ਕੱਦ ੬ ਫੁਟ, ਉਮਰ ੨੫ ਸਾਲ, ਆਪਣੀ ਬਿਸਕੁਟਾਂ ਦੀ ਫ਼ੈਕਟਰੀ, ਲਈ ਲੰਬੇ ਕੱਦ ਤੇ ਨਿਤਨੇਮੀ ਯੋਗ ਨਾਤੇ ਦੀ ਲੋੜ ਹੈ ।

**ਫਾਰਮ ਨੰ: ੧੯੮**—ਇਕ ੩੦ ਸਾਲਾ ਅਨਪੜ੍ਹ ਮਿਸਤਰੀ ਸਿੰਘ, ੪ ਕਿੱਲੇ ਜ਼ਮੀਨ, ਦੁਹਾਜੂ-ਦੋ ਬੱਚਿਆਂ ਵਾਲੇ ਸਿੰਘ ਲਈ ਯੋਗ ਅਨਪੜ੍ਹ ਨਾਤੇ ਦੀ ਲੋੜ ਹੈ ।

**ਫਾਰਮ ਨੰ: ੧੯੯**—ਇਕ ਮੈਟ੍ਰਿਕ ਪਾਸ ੨੨ ਸਾਲਾ ਸਿੰਘ, ਕੱਦ ੫ ਫੁਟ ੮ ਇੰਚ, ਮਿਸਤਰੀ ਸਿੰਘ ਲਈ ਯੋਗ ਨਾਤੇ ਦੀ ਲੋੜ ਹੈ।

**ਫਾਰਮ ਨੰ: ੨੦੦**—ਇਕ ੨੧ ਸਾਲਾ, ਦਸਵੀਂ ਪਾਸ, ਨਿਤਨੇਮੀ ਸਿੰਘ, ਕੱਦ ਸਾਢੇ ਪੰਜ ਫੁਟ, ਵਾਹੀ ਤੇ ਡੈਰੀ ਦਾ ਕੰਮ, ਲਈ ਯੋਗ ਨਾਤੇ ਦੀ ਲੋੜ ਹੈ ।

---

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਬੀਬੀ ਜੋਗਿੰਦਰ ਕੌਰ ਯੂ. ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੫੭-੬੮ |
| ਸ: ਮੇਜਰ ਸਿੰਘ ਸਪੁਤਰ ਸ: ਮਸਤਾ ਸਿੰਘ ਯੂ.ਕੇ. | ,, ,, | ੬੦੦-੦੦ |
| ਸ: ਜੋਗਿੰਦਰ ਸਿੰਘ ਭਗਤ ਸਿੰਘ ਜੈਪੁਰ | ,, ,, | ੧੧-੦੦ |
| ਸ: ਗੁਰਦਿਆਲ ਸਿੰਘ ਮਠਾਰੂ, ਸ: ਗੁਰਦੇਵ ਸਿੰਘ ਰੱਕੜ, ਸ: ਚੰਨਣ ਸਿੰਘ, ਸ: ਗੁਰਦੀਪ ਸਿੰਘ, ਸ: ਗੁਰਮੁਖ ਸਿੰਘ, | | |
| ਸ: ਓਂਕਾਰ ਸਿੰਘ ਯੂ. ਏ. ਈ. | ,, ,, | ੧੨੦-੦੦ |
| ਡਾ: ਸੰਤੋਖ ਸਿੰਘ ਧਾਲੀਵਾਲ ਯੂ. ਕੇ. | ,, ,, | ੨੫-੩੦ |
| ਸ: ਮੋਹਨ ਸਿੰਘ ਸਾਊਥਹਾਲ ਯੂ. ਕੇ. | ,, ,, | ੮੫-੩੦ |
| ਸ: ਬਲਦੇਵ ਸਿੰਘ ਪਿੰਡ ਹਰਿਆਣਾ | ਬੀਬੀ ਗੁਰਜੀਤ ਕੌਰ ਆਲੋਵਾਲ ਦੇ ਅਨੰਦ ਦੀ ਖ਼ੁਸ਼ੀ ਵਿਚ | ੧੧-੦੦ |
| ਗੁਪਤ ਦਾਨ | ਸੂਰਾ ਦੀ ਚੜ੍ਹਦੀ ਕਲਾ ਲਈ | ੧੦-੦੦ |
| ਭਾ: ਸਾਧੂ ਸਿੰਘ ਕਪੂਰਥਲਾ | ਸਿੰਘਣੀ ਦੀ ਅੰਤਮ ਯਾਦ ਵਿਚ | ੫੧-੦੦ |
| ਭਾ: ਮੋਹਨ ਸਿੰਘ ਬੂਲ੍ਹੋਵਾਲ | ਸਿੰਘਣੀ ਦੀ ਸਾਲਾਨਾ ਯਾਦ ਵਿਚ | ੫੦-੦੦ |
| ਸ: ਭਗਤ ਸਿੰਘ ਬੁਕ-ਸੈਲਰ ਹੁਸ਼ਿਆਰਪੁਰ | ਭਾ: ਸੰਤ ਸਿੰਘ ਪਾਠੀ ਦੁਆ ਦੀ ਯਾਦ ਵਿਚ | ੨-੫੦ |
| ਸ: ਹਰਸੇਵ ਸਿੰਘ ਆਦਮਪੁਰ | ਸੂਰਾ ਦੀ ਚੜ੍ਹਦੀ ਕਲਾ ਲਈ | ੯-੦੦ |
| ਸ: ਉਜਾਗਰਸਿੰਘ ਸਰੀ ਕੈਨੇਡਾ, ਕਾਕਾ ਗੁਰਦੀਪ ਸਿੰਘ ਤੇ ਇੰਦਰ ਮੋਹਨ ਸਿੰਘ ਦੇ ਅਨੰਦ ਕਾਰਜਾਂ ਦੀ ਖ਼ੁਸ਼ੀ ਵਿਚ | | ੧੦੦-੦੦ |
| ਸ: ਹਰਦਿਆਲ ਸਿੰਘ ਸਪੁਤਰ ਸ: ਪ੍ਰੀਤਮ ਸਿੰਘ ਤਰਨ ਤਾਰਨ | ਆਪਣੇ ਸਪੁਤਰ ਰਣਧੀਰ ਸਿੰਘ ਪੜਪੋਤਾ ਸਚਖੰਡਵਾਸੀ ਬਾਊ ਮੱਲ ਸਿੰਘ ਜੀ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿਚ | ੧੦੧-੦੦ |
| ਸ: ਗਰਿੰਦਰਪਾਲ ਸਿੰਘ ਕਾਨਪੁਰ | ਮਾਤਾ ਪ੍ਰਕਾਸ਼ ਕੌਰ ਦੀ ਯਾਦ ਵਿਚ | ੧੧-੦੦ |
| ਸ: ਅਜੀਤ ਸਿੰਘ ਕੈਰੋਂ | ਸੂਰਾ ਦੀ ਚੜ੍ਹਦੀ ਕਲਾ ਲਈ | ੧੦-੦੦ |

www.AKJ.Org

## ਸ੍ਰੀ ਤਰਨ ਤਾਰਨ ਵਿਖੇ ਬਾਊ ਮੱਲ ਸਿੰਘ ਜੀ ਨਮਿਤ ਗੁਰਮਤਿ ਸਮਾਗਮ

### ਸ਼ੁਕਰਵਾਰ ੨੨ ਜੁਲਾਈ ਤੋਂ ੨੪ ਜੁਲਾਈ ੧੯੮੩ ਐਤਵਾਰ ਤਕ ਸ੍ਰੀ ਅਖੰਡਪਾਠ ਤੇ ਅਖੰਡ ਕੀਰ

ਗੁਰਮੁਖ ਪਿਆਰੇ ਬਾਊ ਮੱਲ ਸਿੰਘ ਜੀ ਦੀ ਸਾਲਾਨਾ ਯਾਦ ਵਿਚ, ਉਨ੍ਹਾਂ ਦੇ ਗ੍ਰਿਹ ਕੂਚਾ ਬਾਊ ਮੱਲ ਸਿੰਘ, ਪਲਾਸੌਰ ਰੋਡ ਸ੍ਰੀ ਤਰਨ ਤਾਰਨ ਵਿਖੇ ੨੨ ਜੁਲਾਈ ਸ਼ੁਕਰਵਾਰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਤੋਂ ਉਪਰੰਤ ੮ ਵਜੇ ਸ੍ਰੀ ਅਖੰਡਪਾਠ ਅਰੰਭ ਕੀਤੇ ਜਾਣਗੇ, ਜਿਸ ਦੇ ਭੋਗ ੨੪ ਜੁਲਾਈ ਐਤਵਾਰ ਸਵੇਰੇ ਪੈਣਗੇ। ਉਪਰੰਤ ੧੧ ਵਜੇ ਤਕ ਸਤਿਗੁਰੂ ਦੇ ਪਿਆਰੇ ਜੋਗੀਰਾਜ ਸ੍ਰੀਮਾਨ ਬਾਊ ਜੀ ਦੀ ਮਿਠੀ ਯਾਦ ਵਿਚ ਅਖੰਡ ਕੀਰਤਨ-ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ ਤੇ ਨਾਮ ਬਾਣੀ ਦੇ ਲਾਹੇ ਪ੍ਰਾਪਤ ਕਰੋ ਜੀ।

ਦਾਸਰੇ—ਅਖੰਡ ਕੀਰਤਨੀ ਜਥਾ ਸ੍ਰੀ ਅੰਮ੍ਰਿਤਸਰ ਅਤੇ ਸਮੂਹ ਪਰਵਾਰ ਬਾਊ ਮੱਲ ਸਿੰਘ ਜੀ

---

## ਚੰਡੀਗੜ੍ਹ ਵਿਖੇ ਸਾਲਾਨਾ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਗੁਰਪੁਰਬ

### 8 ਤੋਂ 10 ਸਤੰਬਰ ਨੂੰ ਹੋਣਗੇ। ਵੇਰਵਾ ਆਉਂਦੇ ਪਰਚੇ ਵਿਚ

---

## ਅੰਬਾਲਾ ਗੁ: ਮੰਜੀ ਸਾਹਿਬ ਵਿਚ ਸਾਲਾਨਾ ਅਖੰਡ ਕੀਰਤਨ ਸਮਾਗਮ

### 12 ਤੋਂ 15 ਅਗਸਤ ਨੂੰ ਹੋਣਗੇ। ਵੇਰਵਾ ਆਉਂਦੇ ਪਰਚੇ ਵਿਚ

---

## ਸ਼ਹੀਦਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਕੀਰਤਨ, ਸ੍ਰੀ ਅੰਮ੍ਰਿਤਸਰ

੧੯੭੮ ਦੀ ਵੈਸਾਖੀ ਤੋਂ ਅਜ ਤਕ ਦੇ ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ ਕੀਰਤਨ ੧੬ ਜੁਲਾਈ ਸ਼ਨੀਵਾਰ ਦੀ ਰਾਤ ਨੂੰ ਗੁ: ਮੰਜੀ ਸਾਹਿਬ ਦੀਵਾਨ ਅਸਥਾਨ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਭਾਈ ਗੁਰਨਾਮ ਸਿੰਘ ਜੀ ਸੂਚਿਤ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ 10-Lambourne Grovs, Earley. Reading, Berks U.K ਵਿਖੇ ੨੨ ਜੁਲਾਈ ਨੂੰ ਸਵੇਰੇ ਕੀਰਤਨ ਤੋਂ ਉਪਰੰਤ ਸ੍ਰੀ ਅਖੰਡਪਾਠ ਅਰੰਭ ਹੋਣਗੇ ਅਤੇ 24 ਜੁਲਾਈ ਨੂੰ ਭੋਗ ਪੈਣਗੇ ਅਤੇ ਕੀਰਤਨ ਦੇ ਅਖਾੜੇ ਸਜਣਗੇ। ਸਰਬੱਤ ਸੰਗਤਾਂ ਹਾਜ਼ਰੀਆਂ ਭਰਕੇ ਸੇਵਕ ਨੂੰ ਧੰਨਵਾਦੀ ਬਣਾਉਣ।

---

## ਗੁ: ਸ਼ਹੀਦਗੰਜ ਸਾਹਿਬਜ਼ਾਦਿਆਂ ਮੋਰਿੰਡਾ (ਰੋਪੜ) ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਚੰਡੀਗੜ੍ਹ ਵਲੋਂ ਗੁ: ਬਾਬਾ ਜੁਝਾਰ ਸਿੰਘ ਜੋਰਾਵਰ ਸਿੰਘ (ਸ਼ਹੀਦਗੰਜ) ਮੋਰਿੰਡਾ ਵਿਚ ੯ ਜੁਲਾਈ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

---

## ਪਿੰਡ ਤੇਂਗ (ਤਸੀਲ ਫ਼ਲੌਰ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਦਾਸ ਦੇ ਗ੍ਰਿਹ ਵਿਖੇ ੧੫ ਤੋਂ ੧੭ ਜੁਲਾਈ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਮਿਠੀ ਯਾਦ ਵਿਚ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ ਹੋ ਰਹੇ ਹਨ। ਐਤਵਾਰ ੧੭ ਜੁਲਾਈ ਨੂੰ ਕੀਰਤਨ ੧੨ ਵਜੇ ਤਕ ਗੁਰਦਵਾਰਾ ਸਾਹਿਬ ਵਿਖੇ ਹੋਵੇਗਾ। ਆਇ ਦੀਦਾਰ ਬਖ਼ਸ਼ੋ ਜੀ।

ਦਾਸਰਾ—ਤੇਜਾ ਸਿੰਘ, ਪਿੰਡ ਤੇਂਗ, ਤਸੀਲ ਫ਼ਲੌਰ, ਜਿਲਾ ਜਲੰਧਰ

---

## ਅਖੰਡ ਕੀਰਤਨੀ ਜਥਾ ਯੂ. ਕੇ. ਦੀ ਕਮੇਟੀ ਦੇ ਸੇਵਾਦਾਰਾਂ ਦੀ ਨਵੀਂ ਚੋਣ

**ਮੁਖੀ ਸੇਵਾਦਾਰ**—ਭਾਈ ਜੋਗਿੰਦਰ ਸਿੰਘ ਜੀ ਲੈਸਟਰ, ਭਾਈ ਕੁਲਦੀਪ ਸਿੰਘ ਜੀ ਬਰਮਿੰਘਮ, ਭਾਈ ਗੁਰਨਾਮ ਸਿੰਘ ਜੀ ਰੈਡਿੰਗ, ਬੀਬੀ ਇਕਬਾਲ ਕੌਰ ਜੀ ਸਟੈਟਫੋਰਡ, ਬੀਬੀ ਮਨਮੋਹਨ ਕੌਰ ਜੀ ਗਲਾਸਗੋ।

**ਸਹਾਇਕ ਸੇਵਾਦਾਰ**—ਭਾਈ ਰਾਮ ਸਿੰਘ ਜੀ ਗਰੇਵਜ਼ੈਂਡ, ਭਾਈ ਗਿਆਨ ਸਿੰਘ ਜੀ ਲੰਡਨ, ਭਾਈ ਮਹਿੰਦਰ ਸਿੰਘ ਜੀ ਬਰਮਿੰਘਮ, ਭਾਈ ਜਰਨੈਲ ਸਿੰਘ ਜੀ ਲੈਮਿੰਗਟਨ ਸਪਾ, ਭਾਈ ਰਘਬੀਰ ਸਿੰਘ ਜੀ ਲੈਮਿੰਗਟਨ ਸਪਾ।

www.AKJ.Org